
People's Herald

Rs- 100/month

People's Herald



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

"Equality and Justice"

स्वतंत्रता, समानता, भाईचारा

PATIALA On line paper **01 ਅਗਸਤ 2025 ਸ਼ੁੱਕਰਵਾਰ "ਰੋਜ਼ਾਨਾ" ਸਾਲ ਚੌਥਾ** w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

**ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ**



(Google pay91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ

**"ਇਕੁਐਲਿਟੀ ਐਂਡ ਜਸਟਿਸ" ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ 'ਪੰਚਸ਼ੀਲ' ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ 'ਮਨ ਦੀ ਸਮਾਧੀ' ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ



ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

# ਬਸਪਾ ਪ੍ਰਧਾਮ ਪੰਜਾਬ ਡਾ. ਅਵਤਾਰ ਸਿੰਘ ਕਰੀਮਪੁਰੀ ਸ਼ਹੀਦ ਊਧਮ ਸਿੰਘ ਨੂੰ ਕੋਟਿਨ-ਕੋਟ ਪ੍ਰਣਾਮ ਕੀਤਾ.

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 94636 01616 hardipchumber57@gmail.com

ਬਹੁਜਨ ਸਮਾਜ ਪਾਰਟੀ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਨੇ ਸ਼ਹੀਦ ਊਧਮ ਸਿੰਘ ਨੂੰ ਸਰਧਾਂਜਲੀ ਭੇਂਟ ਕਰਦੇ ਹੋਏ ਆਖਿਆ ਊਧਮਸਿੰਘ ਜੀ ਨੇ ਜਿਲਿਆਂ ਵਾਲੇ ਬਾਗ ਦੇ ਨਿਹਥੇ ਪੰਜਾਬੀਆਂ ਦੇ ਖੂਨੀ ਸਾਕੇ ਦਾ ਬਦਲਾ 20ਸਾਲ ਬਾਅਦ ਲੰਡਨ ਵਿੱਚ ਜਨਰਲ ਡਾਇਰ ਨੂੰ ਮਾਰਕੇ ਬਦਲਾ ਲਿਆ ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਸਦਿਆਂ ਫਾਂਸੀ ਦਾ ਰਸਾ ਚੁੰਮਿਆ ਪਰ ਦੇਸ਼ ਦੀ ਅਜਾਦੀ ਤੇ 78ਸਾਲ ਬਾਅਦ ਵੀ ਸਮੇ ਦੀਆਂ ਸਰਕਾਰਾਂ ਨੇ ਸ਼ਹੀਦਾਂ ਨੂੰ ਬਣਦਾ ਨਾ ਸਨਮਾਨ ਦਿੱਤਾ ਤੇ ਨਾ ਹੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਸਿਰਫ਼ ਸ਼ਹੀਦਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਹੈ ਸ਼ਹੀਦਾਂ ਦੇ ਸੁਪਨਿਆਂ ਦਾ ਘਾਣ ਕੀਤਾ ਜਾ ਰਿਹਾ ਹੈ ਬਸਪਾ ਪ੍ਰਧਾਨ ਨੇ ਆਖਿਆ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪਰਦੇਸ ਵਿੱਚ ਬਸਪਾ ਦੀ ਪਹਿਲੀ ਵਾਰ ਭੈਣ ਕੁਮਾਰੀ ਮਾਇਆ ਵਤੀ ਜੀ ਦੀ ਅਗਵਾਈ ਵਿੱਚ 1995 ਵਿਚ ਸਰਕਾਰ ਬਣੀ ਤਾਂ ਸ਼ਹੀਦ ਉਧਮ ਸਿੰਘ ਜੀ ਦੇ ਨਾਂ ਤੇ ਜਿਲਾ ਬਣਾ ਕੇ ਉਨ੍ਹਾਂ ਦਾ ਬਣਦਾ ਸਨਮਾਨ ਕਰਕੇ ਇਤਿਹਾਸ ਰਚਿਆ ਬਸਪਾ ਵਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮੁਹਿੰਮ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ




# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਹੀਦ ਉਧਮ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 94636 01616 hardipchumber57@gmail.com




ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਨੂੰ ਸ਼ਹੀਦ ਊਧਮ ਸਿੰਘ ਦੇ 86ਵੇਂ ਸ਼ਹੀਦੀ ਦਿਵਸ ਮੌਕੇ ਰਾਜ ਪੱਧਰੀ ਸਮਾਗਮ ਵਿੱਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਸ਼ਹੀਦ ਦੇ ਜੱਦੀ ਸ਼ਹਿਰ ਵਿੱਚ ਲਗਪਗ 85 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ।

ਇੱਥੇ ਸਟੇਡੀਅਮ ਵਿੱਚ ਊਧਮ ਸਿੰਘ ਸਮਾਰਕ ਵਿਖੇ ਸ਼ਹੀਦ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਮੁੱਖ ਮੰਤਰੀ ਅਤੇ ਅਰਵਿੰਦ ਕੇਜਰੀਵਾਲ ਨੇ ਸ਼ਹੀਦ ਦੇ ਸਮਾਰਕ 'ਤੇ ਫੁੱਲ ਮਾਲਾਵਾਂ ਭੇਟ ਕੀਤੀਆਂ। ਉਨ੍ਹਾਂ ਕਿਹਾ ਕਿ ਧਰਤੀ ਮਾਂ ਦੇ ਇਸ ਸੱਚੇ ਪੁੱਤਰ ਨੇ ਜਲ੍ਹਿਆਂਵਾਲਾ ਬਾਗ ਕਤਲੇਆਮ ਦੇ ਮੁੱਖ ਦੋਸ਼ੀ ਮਾਈਕਲ ਓ' ਡਵਾਇਰ ਨੂੰ ਮਾਰ ਕੇ ਇੱਕ ਬਹਾਦਰੀ ਭਰੇ ਕਾਰਨਾਮੇ ਦਾ ਪ੍ਰਦਰਸ਼ਨ ਕੀਤਾ ਸੀ। ਦੋਵਾਂ ਆਗੂਆਂ ਨੇ ਕਿਹਾ ਕਿ ਰਾਸ਼ਟਰੀ ਆਜ਼ਾਦੀ ਸੰਗਰਾਮ ਵਿੱਚ ਇਸ ਸਪੂਤ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਨੇ ਦੇਸ਼ ਵਿੱਚੋਂ ਬ੍ਰਿਟਿਸ਼ ਸਾਮਰਾਜਵਾਦ ਦੇ ਜੂਲੇ ਨੂੰ ਉਖਾੜ ਸੁੱਟਣ ਵਿੱਚ ਮਦਦ ਕੀਤੀ। ਉਨ੍ਹਾਂ ਇਹ ਵੀ ਕਿਹਾ ਕਿ ਸ਼ਹੀਦ ਊਧਮ ਸਿੰਘ ਵੱਲੋਂ ਦਿੱਤੀ ਗਈ ਮਹਾਨ ਕੁਰਬਾਨੀ ਨੌਜਵਾਨਾਂ ਨੂੰ ਹਮੇਸ਼ਾ ਦੇਸ਼ ਦੀ ਨਿਰਸਵਾਰਥ ਸੇਵਾ ਲਈ ਪ੍ਰੇਰਿਤ ਕਰੇਗੀ।

ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਅਰਵਿੰਦ ਕੇਜਰੀਵਾਲ ਨੇ ਸ਼ਹੀਦ ਊਧਮ ਸਿੰਘ ਵਾਲਾ ਦੇ ਵਸਨੀਕਾਂ ਨੂੰ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦੇ ਰੂਪ ਵਿੱਚ ਲਗਪਗ 85 ਕਰੋੜ ਰੁਪਏ ਦਾ ਤੋਹਫ਼ਾ ਵੀ ਦਿੱਤਾ। ਇਨ੍ਹਾਂ ਵਿੱਚ 15.32 ਕਰੋੜ ਰੁਪਏ ਦੀ ਲਾਗਤ ਨਾਲ ਤਹਿਸੀਲ ਕੰਪਲੈਕਸ ਦਾ ਅਪਗ੍ਰੇਡੇਸ਼ਨ ਸ਼ਾਮਲ ਹੈ, ਜੋ ਇੱਕ ਸਾਲ ਦੇ ਅੰਦਰ ਪੂਰਾ ਹੋ ਜਾਵੇਗਾ। ਨਵੇਂ ਕੰਪਲੈਕਸ ਵਿੱਚ ਐਸ.ਡੀ.ਐਮ. ਦਫ਼ਤਰ, ਸਬ-ਰਜਿਸਟਰਾਰ ਦਫ਼ਤਰ, ਤਹਿਸੀਲਦਾਰ ਦਫ਼ਤਰ, ਖਜ਼ਾਨਾ ਦਫ਼ਤਰ, ਖੁਰਾਕ ਸਪਲਾਈ ਦਫ਼ਤਰ, ਟੈਕਸ ਦਫ਼ਤਰ, ਸਹਿਕਾਰੀ ਸਭਾ ਦਫ਼ਤਰ ਅਤੇ ਹੋਰ ਵਿਭਾਗ ਹੋਣਗੇ।

ਇਸੇ ਤਰ੍ਹਾਂ ਉਨ੍ਹਾਂ ਨੇ ਸੁਨਾਮ ਵਿੱਚ 13.64 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਨਵੇਂ ਬੱਸ ਸਟੈਂਡ ਦਾ ਨੀਂਹ ਪੱਥਰ ਰੱਖਿਆ। ਇਹ ਪ੍ਰਾਜੈਕਟ ਵੀ ਇੱਕ ਸਾਲ ਦੇ ਅੰਦਰ ਪੂਰਾ ਹੋ ਜਾਵੇਗਾ ਅਤੇ ਬੱਸ ਸਟੈਂਡ ਵਿੱਚ ਬੱਸ ਕਾਊਂਟਰਾਂ ਦੇ ਨਾਲ ਇੱਕ ਸ਼ਾਪਿੰਗ ਕੰਪਲੈਕਸ ਵੀ ਸ਼ਾਮਲ ਹੋਵੇਗਾ। ਇਸੇ ਤਰ੍ਹਾਂ ਦੋਵਾਂ ਆਗੂਆਂ ਨੇ 8.20 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਕੁੜੀਆਂ ਦੇ ਨਵੇਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨੀਂਹ ਪੱਥਰ ਵੀ ਰੱਖਿਆ, ਜੋ ਨੌਂ ਮਹੀਨਿਆਂ ਦੇ ਵਿੱਚ ਪੂਰਾ ਹੋ ਜਾਵੇਗਾ।

ਸੁਨਾਮ ਵਿੱਚ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਸੁਨਾਮ ਵਿੱਚ 18.95 ਕਰੋੜ ਰੁਪਏ ਦੀ ਲਾਗਤ ਨਾਲ ਇਨਡੋਰ ਸਪੋਰਟਸ ਕੰਪਲੈਕਸ ਵੀ ਬਣਾਇਆ ਜਾਵੇਗਾ। ਇਸ ਕੰਪਲੈਕਸ ਵਿੱਚ ਸਿੰਥੈਟਿਕ ਟਰੈਕ, ਬੈਡਮਿੰਟਨ, ਬਾਕਸਿੰਗ, ਜੂਡੋ, ਕੁਸ਼ਤੀ, ਬਾਸਕਟਬਾਲ, ਵਾਲੀਬਾਲ ਅਤੇ ਤਾਈਕਵਾਂਡੋ ਦੀਆਂ ਸਹੂਲਤਾਂ ਹੋਣਗੀਆਂ। ਦੋਵਾਂ ਆਗੂਆਂ ਨੇ ਸ਼ਹੀਦ ਊਧਮ ਸਿੰਘ ਸਰਕਾਰੀ ਕਾਲਜ ਵਿੱਚ ਵਿਕਾਸ ਕਾਰਜਾਂ ਦੀ ਨੀਂਹ ਵੀ ਰੱਖੀ, ਜਿਸ ਵਿੱਚ ਐਸਟ੍ਰੋ ਟਰਫ ਹਾਕੀ ਗਰਾਊਂਡ, ਲੈਕਚਰ ਹਾਲ, ਲਾਇਬ੍ਰੇਰੀ, ਪ੍ਰਬੰਧਕੀ ਬਲਾਕ ਅਤੇ ਹੋਰ ਸ਼ਾਮਲ ਹਨ।

ਇਸ ਅਹਿਮ ਪ੍ਰਾਜੈਕਟ ਦੀ ਕੁੱਲ ਲਾਗਤ 20.78 ਕਰੋੜ ਰੁਪਏ ਹੈ ਅਤੇ ਇਹ ਇੱਕ ਸਾਲ ਦੇ ਅੰਦਰ ਪੂਰਾ ਹੋ ਜਾਵੇਗਾ। ਮੁੱਖ ਮੰਤਰੀ ਅਤੇ ਅਰਵਿੰਦ ਕੇਜਰੀਵਾਲ ਨੇ ਸੁਨਾਮ ਸ਼ਹਿਰ ਵਿੱਚ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣ ਲਈ 8.49 ਕਰੋੜ ਰੁਪਏ ਦੇ ਹੋਰ ਪ੍ਰਾਜੈਕਟਾਂ ਦਾ ਨੀਂਹ ਪੱਥਰ ਵੀ ਰੱਖਿਆ।

# ਸਰਕਾਰ ਦਾ ਤਹਿਸੀਲਾਂ 'ਚ ਰਿਸ਼ਵਤ ਖੋਰੀ ਨੂੰ ਲੈ ਕੇ ਵੱਡਾ ਫੈਸਲਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 94636 01616 hardipchumber57@gmail.com

ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਸਖਤ ਕਦਮ ਚੁੱਕੇ ਜਾ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਦੀਆਂ ਤਹਿਸੀਲਾਂ 'ਚ ਰਿਸ਼ਵਥਖੋਰੀ ਖਤਮ ਕਰਨ ਲਈ ਸਰਕਾਰ ਵੱਲੋਂ ਅਹਿਮ ਫੈਸਲਾ ਲਿਆ ਗਿਆ ਹੈ।

ਮਾਲ ਵਿਭਾਗ ਨੇ ਲੰਬੇ ਸਮੇਂ ਤੋਂ ਇਕੋ ਥਾਂ ਤਾਇਨਾਤ ਰਜਿਸਟਰੀ ਕਲਰਕਾਂ ਦੇ ਤਬਾਦਲੇ ਦੇ ਹੁਕਮ ਜਾਰੀ ਕੀਤੇ ਹਨ। ਮਾਲ ਵਿਭਾਗ ਦੇ ਵਧੀਕ ਮੁੱਖ ਸਕੱਤਰ ਅਨੁਰਾਗ ਵਰਮਾ ਨੇ ਸੀਨੀਅਰ ਅਧਿਕਾਰੀਆਂ ਨਾਲ ਬੈਠਕ ਕਰਨ ਤੋਂ ਬਾਅਦ ਇਹ ਫੈਸਲਾ ਲਿਆ ਹੈ। ਤਹਿਸੀਲਾਂ ਵਿੱਚ ਸੱਤ ਸਾਲ ਦੀ ਸੇਵਾ ਪੂਰੀ ਕਰਨ ਵਾਲੇ ਮੁਲਾਜ਼ਮ ਰਜਿਸਟਰੀ ਕਲਰਕਾਂ ਦੀ ਜ਼ਿੰਮੇਵਾਰੀ ਨਿਭਾਉਣਗੇ।

# ਪ੍ਰਧਾਨ ਮੰਤਰੀ, ਵਿੱਤ ਮੰਤਰੀ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਭਾਰਤ ਦੀ ਆਰਥਿਕਤਾ 'ਮਰੀ ਹੋਈ' ਹੈ: ਰਾਹੁਲ ਗਾਂਧੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 94636 01616 hardipchumber57@gmail.com

ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਵੀਰਵਾਰ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਛੱਡ ਕੇ ਹਰ ਕੋਈ ਜਾਣਦਾ ਹੈ ਕਿ ਭਾਰਤ ਇੱਕ ਮਰੀ ਹੋਈ ਆਰਥਿਕਤਾ ਹੈ। ਉਨ੍ਹਾਂ ਨੇ ਦੋਸ਼ ਲਾਇਆ ਕਿ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਦੀਆਂ ਆਰਥਿਕ, ਰੱਖਿਆ ਅਤੇ ਵਿਦੇਸ਼ ਨੀਤੀਆਂ ਨੂੰ ਤਬਾਹ ਕਰ ਦਿੱਤਾ ਹੈ।

ਸੰਸਦ ਭਵਨ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਾਂਧੀ ਨੇ ਇਹ ਵੀ ਦਾਅਵਾ ਕੀਤਾ ਕਿ ਅਮਰੀਕਾ ਨਾਲ ਵਪਾਰਕ ਸੌਦਾ ਹੋਵੇਗਾ ਅਤੇ ਟਰੰਪ ਇਸ ਨੂੰ ਪਰਿਭਾਸ਼ਿਤ ਕਰਨਗੇ, ਜਦੋਂ ਕਿ ਪ੍ਰਧਾਨ ਮੰਤਰੀ ਮੋਦੀ ਉਹੀ ਕਰਨਗੇ ਜੋ ਅਮਰੀਕੀ ਰਾਸ਼ਟਰਪਤੀ ਉਨ੍ਹਾਂ ਨੂੰ ਕਰਨ ਲਈ ਕਹਿਣਗੇ। ਗਾਂਧੀ ਦੀਆਂ ਇਹ ਟਿੱਪਣੀਆਂ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਭਾਰਤ 'ਤੇ 25 ਫੀਸਦੀ ਟੈਕਸ ਅਤੇ ਜੁਰਮਾਨੇ ਲਗਾਉਣ ਅਤੇ ਭਾਰਤ ਤੇ ਰੂਸ ਨੂੰ ਮਰੀਆਂ ਹੋਈਆਂ ਅਰਥਵਿਵਸਥਾਵਾਂ ਕਹਿਣ ਤੋਂ ਬਾਅਦ ਆਈਆਂ ਹਨ।

ਭਾਰਤੀ ਅਰਥਵਿਵਸਥਾ ਬਾਰੇ ਟਰੰਪ ਦੀ ਆਲੋਚਨਾ ਬਾਰੇ ਪੁੱਛੇ ਜਾਣ 'ਤੇ ਗਾਂਧੀ ਨੇ ਕਿਹਾ, "ਉਹ ਸਹੀ ਹਨ, ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੂੰ ਛੱਡ ਕੇ ਇਹ ਗੱਲ ਹਰ ਕੋਈ ਜਾਣਦਾ ਹੈ। ਹਰ ਕੋਈ ਜਾਣਦਾ ਹੈ ਕਿ ਭਾਰਤੀ ਅਰਥਵਿਵਸਥਾ ਇੱਕ ਮਰੀ ਹੋਈ ਆਰਥਿਕਤਾ ਹੈ। ਮੈਨੂੰ ਖੁਸ਼ੀ ਹੈ ਕਿ ਰਾਸ਼ਟਰਪਤੀ ਟਰੰਪ ਨੇ ਇੱਕ ਤੱਥ ਅਧਾਰਤ ਬਿਆਨ ਕੀਤਾ ਹੈ।"

# ਮੁੰਬਈ ਹਵਾਈ ਅੱਡੇ ਤੋਂ 8 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ, 4 ਯਾਤਰੀਆਂ ਤੋਂ ਮਿਲਿਆ 8 ਕਿਲੋਂ ਗਾਂਜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 9463601616 hardipchumber57@gmail.com

ਮੁੰਬਈ ਕਸਟਮ ਵਿਭਾਗ ਦੇ ਹਵਾਬਾਜ਼ੀ ਅਧਿਕਾਰੀਆਂ ਨੇ 8 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ। ਇਹ ਕਾਰਵਾਈ 29 ਅਤੇ 30 ਜੁਲਾਈ ਨੂੰ ਕੀਤੀ ਗਈ ਸੀ। ਇਸ ਵਿੱਚ 4 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਸਟਮ ਅਧਿਕਾਰੀਆਂ ਨੇ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਬੈਂਕਾਕ ਤੋਂ ਆ ਰਹੀ ਫਲਾਈਟ ਨੰਬਰ VG760 ਤੋਂ ਤਿੰਨ ਸ਼ੱਕੀ ਯਾਤਰੀਆਂ ਨੂੰ ਰੋਕਿਆ। ਉਨ੍ਹਾਂ ਦੇ ਸਾਮਾਨ ਦੀ ਤਲਾਸ਼ੀ ਦੌਰਾਨ, 1.990 ਕਿਲੋਗ੍ਰਾਮ ਹਾਈਡ੍ਰੋਪੋਨਿਕ ਵੀਡ (ਗਾਂਜਾ) ਮਿਲਿਆ, ਜਿਸਦੀ ਬਾਜ਼ਾਰ ਵਿੱਚ ਕੀਮਤ ਲਗਭਗ 2 ਕਰੋੜ ਰੁਪਏ ਹੈ। ਮੁੰਬਈ ਹਵਾਈ ਅੱਡੇ 'ਤੇ ਇੱਕ ਹੋਰ ਮਾਮਲੇ ਵਿੱਚ, ਬੈਂਕਾਕ ਫਲਾਈਟ ਨੰਬਰ 6E1060 ਤੋਂ ਇੱਕ ਯਾਤਰੀ ਤੋਂ 6.22 ਕਿਲੋਗ੍ਰਾਮ ਗਾਂਜਾ ਬਰਾਮਦ ਕੀਤਾ ਗਿਆ। ਇਸਦੀ ਬਾਜ਼ਾਰ ਕੀਮਤ 6 ਕਰੋੜ ਰੁਪਏ ਹੈ। ਦੋਵਾਂ ਮਾਮਲਿਆਂ ਵਿੱਚ, ਹਵਾਬਾਜ਼ੀ ਅਧਿਕਾਰੀਆਂ ਨੇ 8 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ।

ਚਾਰਾਂ ਮੁਲਜ਼ਮਾਂ ਵਿਰੁੱਧ ਕੇਸ ਦਰਜ ਪੁਲਿਸ ਨੇ ਕਿਹਾ ਕਿ ਮੁਲਜ਼ਮਾਂ ਨੇ ਇਨ੍ਹਾਂ ਹਾਈਡ੍ਰੋਪੋਨਿਕ ਬੂਟੀ ਦੇ ਪੈਕੇਟਾਂ ਨੂੰ ਕਾਲੇ ਅਤੇ ਪਾਰਦਰਸ਼ੀ ਵੈਕਿਊਮ ਸੀਲਬੰਦ ਪੈਕੇਟਾਂ ਵਿੱਚ ਟਰਾਲੀ ਬੈਗ ਦੇ ਅੰਦਰ ਲੁਕਾਇਆ ਸੀ। ਸਾਰੇ ਯਾਤਰੀਆਂ ਨੂੰ ਐਨਡੀਪੀਐਸ ਧਾਰਾ, 1985 ਦੇ ਤਹਿਤ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

# ਸ਼ਹੀਦ ਉਦਮ ਸਿੰਘ ਨੂੰ ਯਾਦ ਕਰਦਿਆ ਸ਼ਰਧਾਜਲੀ -ਮੇਅਰ ਗੋਗੀਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 9463601616 hardipchumber57@gmail.com



ਅੱਜ ਮਹਾਨ ਸ਼ਹੀਦ ਉਦਮ ਸਿੰਘ ਦੀ ਯਾਦ ਵਿੱਚ 21 ਪੋਦੇ ਲਗਾਦੇ ਹੋਏ ਕਿਹਾ ਸ਼ਹੀਦ ਉਦਮ ਸਿੰਘ ਨੇ 1919 ਵਿੱਚ ਜਲ੍ਹਿਆਂਵਾਲਾ ਬਾਗ ਵਿੱਚ ਹੋਏ ਕਤਲਿਆਮ ਦਾ ਬਦਲਾ ਲੈਣ ਲ ਈ ਇੰਗਲੈਂਡ ਵਿੱਚ ਸਾਬਕਾ ਲੈਫ਼ਟੀਨੈਂਟ ਗਵਰਨ ਮਾਈਕਲ ਓਡਵਾਇਜ ਦੀ ਹੱਤਿਆ ਦੇ ਮਾਮਲੇ ਵਿੱਚ 31 ਜੀਲਾਈ 1940 ਨੂੰ ਫਾਂਸੀ ਦਿੱਤੀ ਗ ਈ।ਉਥੇ ਸਮਾਜ ਸੇਵੀ ਉਪਕਾਰ ਸਿੰਘ ਵਲੋ "ਮੈ ਜੱਦ ਦਨੀਆਂ ਤੇ ਜਾਵਾਂ ਮੇਰਾ ਦੇਸ਼ ਹੋਵੇ ਪੰਜਾਬ"ਇਸ ਮੋਕੇ ਸਰਦਾ ਦੇ ਫੂਲ ਭੇਟ ਕਰਨ ਲ ਈ,ਲੈਕਚਰ ਆਰ ਸੁਖਰਾਜ ਲੱਕੀ,ਕਮਲ ਬਾਂ ਸ ਲ , ਇੱ ਕ ਬਾ ਲ ਸਿੰਘ ਗੁਰਵਿੰਦਰ ਸਿੰ ਘ,ਦੇਵ ਰਾਜ,ਮੋਹਨ ਖੰ ਨਾ , ਪੱ ਪੂ , ਲ ਖ ਵਿੰ ਦ ਰ ਸਿੰਘ,ਭੂਸਨ ਮਹਿਤਾ,ਟੋਨੀ,ਵੀ ਪੋਦੇ ਲਗਾ ਕੇ ਵਾਤਾਵਰਨ ਨੂੰ ਸਾਫ ਰੱਖਣ ਦੀ ਸੋਹ ਚੁਕਾਈ।ਮਹਾਨ ਸ਼ਹੀਦ ਉਦਮ ਸਿੰਘ ਨੂੰ ਪੰਜਾਹ,ਸੋਠ ਬੱਦਿਆ ਨੂੰ ਪੋਦੇ ਵੰਡ ਕੇ ਗਿਆਨ ਜਯੋਤੀ ਐਜੂਕੇਸਨ ਸੁਸਾਇਟੀ ਵਲੇ ਸਰਧਾਜਲੀ ਭੇਟ ਕੀਤੀ ਗਈ।

# ਬੱਸ ਅੱਡਾ ਮਾਮਲਾ: ਦੁਕਾਨਾਂ ਬੰਦ ਕਰਕੇ ਪਹਿਲੀ ਅਗਸਤ ਨੂੰ ਹੋਵੇਗਾ ਸ਼ਾਂਤੀ ਮਾਰਚ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 9463601616 hardipchumber57@gmail.com

ਬਠਿੰਡਾ,31 ਜੁਲਾਈ 2025: ਬੱਸ ਸਟੈਂਡ ਨੂੰ ਮੌਜੂਦਾ ਸਥਾਨ 'ਤੇ ਰੱਖਣ ਦੀ ਮੰਗ ਨੂੰ ਲੈ ਕੇ ਚੱਲ ਰਹੇ ਜਨਤਕ ਅੰਦੋਲਨ ਦੇ 100 ਦਿਨ ਪੂਰੇ ਹੋਣ 'ਤੇ, ਬੱਸ ਸਟੈਂਡ ਬਚਾਓ ਸੰਘਰਸ਼ ਕਮੇਟੀ ਨੇ 1 ਅਗਸਤ ਨੂੰ ਦੁਪਹਿਰ 12 ਵਜੇ ਤੱਕ ਬੱਸ ਸਟੈਂਡ ਤੋਂ ਕੋਰਟ ਰੋਡ ਤੱਕ ਸਾਰੀਆਂ ਦੁਕਾਨਾਂ ਬੰਦ ਰੱਖਣ ਅਤੇ ਮਾਰਚ ਕੱਢਣ ਦਾ ਐਲਾਨ ਕੀਤਾ ਹੈ। ਸੰਘਰਸ਼ ਕਮੇਟੀ ਨੇ ਕਿਹਾ ਕਿ ਇਹ ਬੰਦ ਪੂਰੀ ਤਰ੍ਹਾਂ ਸਵੈ-ਇੱਛਤ ਹੋਵੇਗਾ, ਜਿਸ ਦਾ ਉਦੇਸ਼ ਪ੍ਰਸ਼ਾਸਨ ਨੂੰ ਇਹ ਸੁਨੇਹਾ ਦੇਣਾ ਹੈ ਕਿ ਜਨਤਾ ਸ਼ਹਿਰ ਦੇ ਦਿਲ ਵਿੱਚ ਸਥਿਤ ਮੌਜੂਦਾ ਬੱਸ ਸਟੈਂਡ ਨੂੰ ਢੁਕਵਾਂ ਸਮਝਦੀ ਹੈ। ਕਮੇਟੀ ਨੇ ਕਿਹਾ ਕਿ ਪ੍ਰਸ਼ਾਸਨ ਨੂੰ ਜਨਤਕ ਭਾਵਨਾਵਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਬੱਸ ਸਟੈਂਡ ਨੂੰ ਕਿਤੇ ਹੋਰ ਤਬਦੀਲ ਕਰਨ ਦੀ ਯੋਜਨਾ ਨੂੰ ਤੁਰੰਤ ਰੱਦ ਕਰਨਾ ਚਾਹੀਦਾ ਹੈ।




ਸੰਘਰਸ਼ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਇਹ ਸੌ ਦਿਨਾਂ ਦਾ ਸੰਘਰਸ਼ ਜਨਤਾ ਦੀ ਆਵਾਜ਼ ਬਣ ਗਿਆ ਹੈ। ਹੁਣ ਸਮਾਂ ਆ ਗਿਆ ਹੈ ਕਿ ਪ੍ਰਸ਼ਾਸਨ ਇਸ ਬਾਰੇ ਅੰਤਿਮ ਫੈਸਲਾ ਲਵੇ ਅਤੇ ਮੌਜੂਦਾ ਸਥਾਨ ਨੂੰ ਸਥਾਈ ਤੌਰ 'ਤੇ ਬਣਾਈ ਰੱਖਣ ਦਾ ਐਲਾਨ ਕਰੇ। ਇਸ ਮੌਕੇ ਕਮੇਟੀ ਵੱਲੋਂ ਇੱਕ ਸ਼ਾਂਤੀ ਮਾਰਚ ਵੀ ਕੱਢਿਆ ਜਾਵੇਗਾ, ਜਿਸ ਵਿੱਚ ਸ਼ਹਿਰ ਦੇ ਪਤਵੰਤੇ ਅਤੇ ਵਪਾਰੀ ਵਰਗ ਵੱਡੀ ਗਿਣਤੀ ਵਿੱਚ ਹਿੱਸਾ ਲੈਗੇ।

# ਸੁਖਪਾਲ ਖਹਿਰਾ ਵਧੀਆਂ ਮੁਸ਼ਕਲਾਂ: CM ਦੇ OSD ਨੇ ਅਦਾਲਤ ਵਿੱਚ ਮਾਨਹਾਨੀ ਦਾ ਕੇਸ ਦਰਜ ਕਰਵਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 9463601616 hardipchumber57@gmail.com

ਚੰਡੀਗੜ੍ਹ, 31 ਜੁਲਾਈ 2025 - ਸੁਖਪਾਲ ਖਹਿਰਾ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਦੇ ਓਐਸਡੀ (OSD) ਰਾਜਬੀਰ ਸਿੰਘ ਨੇ ਸੁਖਪਾਲ ਖਹਿਰਾ ਖ਼ਿਲਾਫ਼ ਅਦਾਲਤ ਵਿੱਚ ਮਾਨਹਾਨੀ ਦਾ ਕੇਸ ਦਰਜ ਕਰਵਾਇਆ ਹੈ। ਇਹ ਮਾਮਲਾ ਉਸ ਸਮੇਂ ਸਾਹਮਣੇ ਆਇਆ ਸੀ ਜਦੋਂ ਸੁਖਪਾਲ ਖਹਿਰਾ ਨੇ ਰਾਜਬੀਰ ਸਿੰਘ ਉੱਤੇ ਇਲਜ਼ਾਮ ਲਗਾਏ ਸਨ। ਜਿਸ ਤੋਂ ਬਾਅਦ ਅਦਾਲਤ ਨੇ ਇਸ 'ਤੇ ਕਦਮ ਚੁੱਕਦਿਆਂ ਖਹਿਰਾ ਨੂੰ ਹੁਕਮ ਦਿੱਤਾ ਹੈ ਕਿ ਉਹ ਇਸ ਮਾਮਲੇ ਸਬੰਧੀ ਕੋਈ ਵੀ ਬਿਆਨ ਨਾ ਦੇਣ। ਅਦਾਲਤ ਵੱਲੋਂ ਖਹਿਰਾ ਖ਼ਿਲਾਫ਼ ਰੈਸਟ੍ਰੇਨਿੰਗ ਆਰਡਰ ਜਾਰੀ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਨੋਟਿਸ ਭੇਜ ਕੇ 11 ਅਗਸਤ ਨੂੰ ਅਦਾਲਤ



ਵਿੱਚ ਹਾਜ਼ਰ ਹੋਣ ਲਈ ਆਦੇਸ਼ ਦਿੱਤੇ ਗਏ ਹਨ

# ਸ਼ਹੀਦ, ਕੌਮਾ ਦਾ ਅਨਮੋਲ ਸਰਮਾਇਆ ਅਤੇ ਮਾਰਗਦਰਸ਼ੀ ਹੁੰਦੇ ਹਨ - ਗੋਲਡੀ ਧੰਜੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 9463601616 hardipchumber57@gmail.com

ਬਲਵਿੰਦਰ ਸਿੰਘ ਧਾਲੀਵਾਲ

ਸੁਲਤਾਨਪੁਰ ਲੋਧੀ 31 ਜੁਲਾਈ 2025 - ਸੁਲਤਾਨਪੁਰ ਲੋਧੀ ਸ਼ਹਿਰ ਦੇ ਸ਼ਹੀਦ ਸ ਊਧਮ ਸਿੰਘ ਚੌਕ ਵਿਖੇ, ਦੇਸ਼ ਦੇ ਮਹਾਨ ਸ਼ਹੀਦ ਅਤੇ ਸਿਰੜੀ ਯੋਧੇ, ਸ ਊਧਮ ਸਿੰਘ ਜੀ ਦੇ 85ਵੇਂ ਸ਼ਹੀਦੀ ਦਿਵਸ ਮੌਕੇ, ਸੁਲਤਾਨਪੁਰ ਲੋਧੀ ਵਿਖੇ ਕਾਂਗਰਸ ਪਾਰਟੀ ਦੇ ਯੂਥ ਆਗੂ ਦੀ ਅਗਵਾਈ



ਹੇਠ ਕਾਂਗਰਸੀ ਆਗੂਆਂ ਅਤੇ ਵਰਕਰਾਂ ਵਲੋਂ ,ਸ ਊਧਮ ਸਿੰਘ ਜੀ ਦੇ ਬੁਤ ਨੂੰ ਹਾਰ ਪਾ ਕੇ ਸੱਚੀ-ਸੁੱਚੀ ਸ਼ਰਧਾਂਜਲੀ ਭੇਟ ਕੀਤੀ ਗਈ।

ਇਸ ਉਪਰੰਤ ਗੋਲਡੀ ਧੰਜੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਸਾਰੇ ਸ਼ਹੀਦ-ਏ-ਆਜ਼ਮ, ਸ ਊਧਮ ਸਿੰਘ ਜੀ ਦੀ ਜੰਗ-ਏ-ਅਜ਼ਾਦੀ ਲਈ ਦਿਤੀ ਕੁਰਬਾਨੀ ਅਤੇ ਦੇਸ਼ ਦੇ ਸਵੈਮਾਣ ਨੂੰ ਬਹਾਲ ਕਰਨ ਲਈ ਕੀਤੇ ਸੰਘਰਸ਼ ਨੂੰ ਕੋਟਨ ਕੋਟਿ ਪ੍ਰਣਾਮ ਕਰਦੇ ਹਾਂ। ਉਨ੍ਹਾਂ ਦੀ ਕੁਰਬਾਨੀ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਦਾ ਸਰੋਤ ਬਣੀ ਰਹੇਗੀ। ਸ਼ਹੀਦ, ਕੌਮਾ ਦਾ ਅਨਮੋਲ ਸਰਮਾਇਆ ਅਤੇ ਮਾਰਗਦਰਸ਼ੀ ਹੁੰਦੇ ਹਨ। ਇਸ ਮੌਕੇ ਕੁਲਦੀਪ ਸਿੰਘ ਡਿਪਟੀ, ਜਗਜੀਤ ਸੇਨੂੰ, ਤਰਲੋਚਨ ਸਿੰਘ, ਕੁਲਦੀਪ ਸਿੰਘ, ਪਵਨਦੀਪ ਸਿੰਘ ਅਤੇ ਸੋਨੂੰ ਅਟਵਾਲ ਆਦਿ ਯੂਥ ਆਗੂ ਹਾਜ਼ਰ ਸਨ।

# ਨੰਗਲ ਨੂੰ ਮਿਲਿਆ ਬਲਾਕ ਦਾ ਦਰਜਾ - ਭਗਵੰਤ ਮਾਨ ਸਰਕਾਰ ਦੇ ਫੈਸਲੇ ਅਤੇ ਹਰਜੋਤ ਬੈਂਸ ਕੈਬਨਿਟ ਮੰਤਰੀ ਦੇ ਯਤਨਾਂ ਦੀ ਹਰ ਪਾਸੇ ਸ਼ਲਾਘਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 9463601616 hardipchumber57@gmail.com

ਪ੍ਰਮੋਦ ਭਾਰਤੀ

ਨੰਗਲ 31 ਜੁਲਾਈ ,2025 - ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਲੋਕਹਿੱਤ ਅਤੇ ਲੋਕਪੱਖੀ ਫੈਸਲਿਆਂ ਦਾ ਪ੍ਰਭਾਵ ਦਿਨੋਂ ਦਿਨ ਵੱਧ ਰਿਹਾ ਹੈ। ਮੰਤਰੀ ਮੰਡਲ ਵੱਲੋਂ ਨੰਗਲ ਨੂੰ ਬਲਾਕ ਦਾ ਦਰਜਾ ਦੇਣ ਦੇ ਫੈਸਲੇ ਦੀ ਸ੍ਰੀ ਅਨੰਦਪੁਰ ਸਾਹਿਬ ਅਤੇ ਨੰਗਲ ਉਪ ਮੰਡਲ ਦੇ ਦਰਜਨਾਂ ਪਿੰਡਾਂ ਦੇ ਲੋਕਾਂ ਨੇ ਸ਼ਲਾਘਾ ਕੀਤੀ ਹੈ।

ਅੱਜ ਪਿੰਡ ਭੰਗਲਾ ਦੇ ਵਸਨੀਕਾਂ ਜਸਵਿੰਦਰ ਸਿੰਘ, ਸਰਪੰਚ ਗੁਰਜੀਤ ਕੌਰ, ਗੁਰਪਾਲ ਸਿੰਘ, ਮਾਸਟਰ ਜੈਪਾਲ, ਸ਼ਾਮ ਸੈਣੀ, ਹੈਪੀ ਸੈਣੀ, ਸੰਜੂ, ਰਵੀ ਨੇ ਦੱਸਿਆ ਕਿ ਸਾਡੇ ਇਲਾਕੇ ਦੇ ਮਹਿੰਦਪੁਰ, ਖੇੜਾ ਕਲਮੋਟ, ਮਜਾਰੀ ਲੋਅਰ ਪਿੰਡਾਂ ਦੇ ਲੋਕਾਂ ਨੂੰ ਬਲਾਕ ਦਫਤਰ ਵਿੱਚ ਆਪਣੇ ਕੰਮਾਂ ਲਈ ਨੂਰਪੁਰ ਬੇਦੀ ਜਾਂ ਕੁਝ ਪਿੰਡਾਂ ਦੇ ਲੋਕਾਂ ਨੂੰ ਬਲਾਕ ਦਫਤਰ ਸ੍ਰੀ ਅਨੰਦਪੁਰ ਸਾਹਿਬ ਜਾਣਾ ਪੈਂਦਾ ਹੈ, ਜਦੋਂ ਕਿ ਸਾਡੀ ਤਹਿਸੀਲ ਅਤੇ ਸਬ ਡਵੀਜਨ ਨੰਗਲ ਹੈ।



ਇਹ ਦਫਤਰਾਂ ਦੀ ਆਉਣ ਜਾਣ ਦੀ ਬੇਲੋੜੀ ਖੱਜਲ ਖੁਆਰੀ ਕਾਰਨ ਸਾਡਾ ਸਮਾਂ ਅਤੇ ਪੈਸੇ ਦੀ ਬਹੁਤ ਬਰਬਾਦੀ ਹੁੰਦੀ ਹੈ, ਜਦੋਂ ਅਸੀ ਸ.ਹਰਜੋਤ ਸਿੰਘ ਬੈਂਸ ਹਲਕਾ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਨੂੰ ਆਪਣੀ ਇਸ ਵਾਜਬ ਮੰਗ ਬਾਰੇ ਦੱਸਿਆ ਤਾਂ ਸਾਡੇ ਇਲਾਕੇ ਦੀਆਂ ਬਹੁਤ ਸਾਰੀਆ ਪੰਚਾਇਤਾਂ, ਪਿੰਡਾਂ ਦੇ ਲੋਕਾਂ ਨੇ ਇਸ ਮੰਗ ਦਾ ਸਮਰਥਨ ਕੀਤਾ ਅਤੇ ਇਹ ਮੁਸ਼ਕਿਲ ਹੱਲ ਕਰਨ ਦੀ ਮੰਗ ਕੀਤੀ। ਸਾਡੀਆਂ ਔਕੜਾਂ ਨੂੰ ਧਿਆਨ ਵਿਚ ਰੱਖਦੇ ਹੋਏ ਹਰਜੋਤ ਸਿੰਘ ਬੈਂਸ ਨੇ ਇਹ ਮਾਮਲਾ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੇ ਧਿਆਨ ਵਿਚ ਲਿਆਦਾ ਅਤੇ ਇਸ ਬਾਰੇ ਮੰਤਰੀ ਮੰਡਲ ਵਿੱਚ ਫੈਸਲਾ ਕਰਕੇ ਨੰਗਲ ਨੂੰ ਵੱਖਰਾ ਬਲਾਕ ਬਣਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਦਹਾਕਿਆਂ ਤੋਂ ਇਹ ਬਲਾਕ ਇਸੇ ਤਰਾਂ ਬਣੇ ਹੋਏ ਹਨ, ਪਿੰਡ ਇਨ੍ਹਾਂ ਬਲਾਕਾਂ ਨਾਲ ਜੁੜੇ ਹੋਏ ਹਨ, ਜਦੋਂ ਕਿ ਪਿੰਡਾਂ ਦੀ ਵਸੋ, ਪਿੰਡਾਂ ਦੀ ਭੂਗੋਲਿਕ ਸਥਿਤੀ, ਅਬਾਦੀ ਦੀ ਗਿਣਤੀ ਅਤੇ ਹਾਲਾਤ ਬਹੁਤ ਬਦਲ ਚੁੱਕੇ ਹਨ, ਹੁਣ ਸਾਨੂੰ ਵੱਡੀ ਰਾਹਤ ਮਿਲੀ ਹੈ, ਸਾਰੇ ਇਲਾਕਾ ਵਾਸੀ ਇਸ ਫੈਸਲੇ ਤੇ ਬੇਹੱਦ ਖੁਸ਼ ਹਨ।

ਜਿਕਰਯੋਗ ਹੈ ਕਿ ਪੰਜਾਬ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਜਿਲ੍ਹਾ ਰੂਪਨਗਰ ਦੇ ਉਪ ਮੰਡਲ ਨੰਗਲ ਨੂੰ ਬਲਾਕ ਦਾ ਦਰਜਾ ਦਿੱਤੇ ਜਾਣ ਦੀ ਖਬਰ ਪਹੁੰਚਣ ਨਾਲ ਨੰਗਲ ਦੇ ਆਲੇ ਦੁਆਲੇ ਦੀ ਵਸੋ ਵਾਲੇ ਪਿੰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਗਈ ਹੈ। ਇਸ ਤੋ ਪਹਿਲਾ ਨੰਗਲ ਦੇ ਆਲੇ ਦੁਆਲੇ ਦੇ ਪਿੰਡਾਂ ਦੇ ਵਿਕਾਸ ਵਿੱਚ ਬਹੁਤ ਵੱਡੀ ਰੁਕਾਵਟ ਸੀ ਕਿ ਭੂਗੋਲਿਕ ਪੱਖੋ ਪੰਜਾਬ ਹਿਮਾਚਲ ਪ੍ਰਦੇਸ਼ ਹੱਦ ਨਾਲ ਲੱਗਦੇ ਇਸ ਇਲਾਕੇ ਵਿੱਚ ਵਿਕਾਸ ਕਰਵਾਉਣ ਸਮੇਂ ਕਈ ਰੁਕਾਵਟਾਂ ਆ ਰਹੀਆਂ ਸਨ।

ਇਨ੍ਹਾਂ ਇਲਾਕਿਆਂ ਦੇ ਹੋਰ ਵਸਨੀਕਾਂ ਨੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪਿੰਡ ਭੰਗਲਾ, ਮਹਿੰਦਪੁਰ, ਖੇੜਾ ਕਲਮੋਟ, ਮਜਾਰੀ ਲੋਅਰ ਪਿੰਡਾਂ ਨੂੰ ਵੱਡੀ ਰਾਹਤ ਮਿਲਣ ਜਾ ਰਹੀ ਹੈ। ਉਨ੍ਹਾਂ ਨੇ ਦੱਸਿਆ ਕਿ ਪੇਂਡੂ ਇਲਾਕਿਆਂ ਵਿੱਚ ਪ੍ਰਬੰਧਕੀ ਵਿਵਸਥਾ ਅਤੇ ਸੇਵਾਵਾਂ ਮੁਹੱਈਆ ਕਰਵਾਉਣ ਲਈ ਵੱਡੇ ਪ੍ਰਸ਼ਾਸਕੀ ਸੁਧਾਰ ਲਿਆਉਣ ਦੇ ਉਦੇਸ਼ ਨਾਲ ਪੰਜਾਬ ਦੇ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਪੇਂਡੂ ਵਿਕਾਸ ਬਲਾਕਾਂ ਦੇ ਪੁਨਰਗਠਨ ਨੂੰ ਹਰੀ ਝੰਡੀ ਦੇ ਦਿੱਤੀ ਹੈ ਤਾਂ ਕਿ ਇਨ੍ਹਾਂ ਬਲਾਕਾਂ ਨੂੰ ਜ਼ਿਲ੍ਹੇ ਦੀਆਂ ਹੱਦਾਂ ਨਾਲ ਜੋੜਿਆ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਇਸ ਫੈਸਲੇ ਨਾਲ ਪ੍ਰਸ਼ਾਸਕੀ ਕੁਸ਼ਲਤਾ ਵਿੱਚ ਵਿਆਪਕ ਸੁਧਾਰ ਹੋਵੇਗਾ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਨਿੱਜੀ ਦਖਲ ਦੇ ਕੇ ਇਨ੍ਹਾਂ ਪਿੰਡਾਂ ਦੇ ਲੋਕਾਂ ਦੀ ਮੰਗ ਪੂਰੀ ਕੀਤੀ ਹੈ, ਹੁਣ ਪੰਚਾਇਤਾਂ ਨੂੰ ਵਿਕਾਸ ਦੀ ਰਫਤਾਰ ਨੂੰ ਗਤੀ ਦੇਣ ਦਾ ਰਾਹ ਪੱਧਰਾ ਹੋਵੇਗਾ।

# ਬਿਕਰਮ ਮਜੀਠੀਆ ਦੀਆਂ ਮੁੜ ਵਧੀਆਂ ਮੁਸ਼ਕਿਲਾਂ, ਇੱਕ ਹੋਰ FIR ਹੋਈ ਦਰਜ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 31 ਜੁਲਾਈ INTERNATIONAL PAPER, 9463601616 hardipchumber57@gmail.com

ਨਾਭਾ ਜੇਲ੍ਹ ਵਿੱਚ ਬੰਦ ਅਕਾਲੀ ਆਗੂ ਬਿਕਰਮ ਮਜੀਠੀਆ ਦੀਆਂ ਮੁਸ਼ਕਿਲਾਂ ਵਧਦੀਆਂ ਨਜ਼ਰ ਆ ਰਹੀਆਂ ਹਨ। ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਸ਼੍ਰੋਮਣੀ ਅਕਾਲੀ ਦਲ ਆਗੂ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਇਕ ਹੋਰ ਮਾਮਲਾ ਦਰਜ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਬਿਕਰਮ ਮਜੀਠੀਆ ਤੇ ਸਰਕਾਰੀ ਕਾਰਵਾਈ 'ਚ ਵਿਘਨ ਪਾਉਣ ਦੇ ਇਲਜ਼ਾਮ ਲੱਗੇ ਹਨ।

ਦੱਸ ਦਈਏ ਕਿ ਆਮਦਨ ਤੋਂ ਵੱਧ ਜਾਇਦਾਦ ਮਾਮਲੇ 'ਚ 25 ਜੂਨ 2025 ਨੂੰ ਬਿਕਰਮ ਸਿੰਘ ਮਜੀਠੀਆ ਨੂੰ ਅੰਮ੍ਰਿਤਸਰ ਸਥਿਤ ਉਨ੍ਹਾਂ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਸਮੇ ਵਿਜੀਲੈਂਸ ਬਿਊਰੋ ਵੱਲੋਂ ਕੀਤੀ ਗਈ ਰੇਡ ਦੌਰਾਨ ਪੁਲਿਸ ਕਰਮਚਾਰੀਆਂ ਨਾਲ ਮਜੀਠੀਆ ਦੇ ਸਮਰਥਕਾਂ ਦੀ ਤਿੱਖੀ ਬਹਿਸ ਅਤੇ ਹੱਥੋਪਾਈ ਹੋਈ। ਸਰਕਾਰੀ ਕਾਰਵਾਈ ਵਿੱਚ ਰੁਕਾਵਟ ਪਾਉਣ ਦੇ ਮਾਮਲੇ ਵਿੱਚ ਅੰਮ੍ਰਿਤਸਰ ਪੁਲਿਸ ਨੇ ਮਜੀਠੀਆ ਅਤੇ ਉਸ ਦੇ ਸਮਰਥਕਾਂ ਖਿਲਾਫ਼ ਨਵੀਂ FIR ਦਰਜ ਕੀਤੀ ਹੈ। ਹੁਣ ਮਜੀਠੀਆ ਦੇ ਸਮਰਥਕਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਹੋਣ ਦੀ ਸੰਭਾਵਨਾ ਹੈ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੋ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਕੱਲ੍ਹ ਦੇ ਲੇਖ ਦਾ ਬਾਕੀ ਹਿੱਸਾ 'ਕਿਸੇ ਸਾਜ਼ਿਸ਼ ਦਾ ਸ਼ਿਕਾਰ ਨਾ ਹੋਵੇ'

ਕਾਂਗਰਸ ਦਾ ਮੁੱਖ ਉਦੇਸ਼ ਆਜ਼ਾਦੀ ਪ੍ਰਾਪਤ ਕਰਨਾ ਹੈ। ਮੈਂ ਅਤੇ ਮੇਰਾ ਸਾਥੀ ਵੀ ਆਜ਼ਾਦੀ ਪ੍ਰਾਪਤ ਕਰਨਾ ਚਾਹੁੰਦੇ ਹਾਂ ਪਰ ਆਜ਼ਾਦੀ ਪ੍ਰਾਪਤ ਕਰਨਾ ਇੰਨਾ ਸੌਖਾ ਅਤੇ ਅਸਾਨ ਕੰਮ ਨਹੀਂ ਹੈ। ਮਹਾਤਮਾ ਗਾਂਧੀ ਦੁਆਰਾ ਵਿਕਸਤ ਕੀਤਾ ਗਿਆ 'ਸੱਤਿਆਗ੍ਰਹਿ' ਦਾ ਹਥਿਆਰ ਵੀ ਬਹੁਤ ਪ੍ਰਭਾਵਸ਼ਾਲੀ ਹੋਣ ਦੀ ਸੰਭਾਵਨਾ ਨਹੀਂ ਹੈ। ਅਸਹਿਯੋਗ ਅਤੇ ਸਿਵਲ



ਨਾਫ਼ਰਮਾਨੀ ਨਾਲ ਵੀ ਆਜ਼ਾਦੀ ਪ੍ਰਾਪਤ ਕਰਨਾ ਸੰਭਵ ਨਹੀਂ ਹੈ। ਇਹ ਯਕੀਨੀ ਤੌਰ 'ਤੇ ਸਾਡੀ ਸਮਰੱਥਾ ਤੋਂ ਪਰੇ ਹੈ। ਇੰਝ ਲੱਗਦਾ ਹੈ ਕਿ ਹਰ ਕੋਈ ਇੱਕੋ ਜਿਹਾ ਸੋਚ ਰਿਹਾ ਹੈ। ਜੇ ਇਹ ਇੰਨਾ ਔਖਾ ਹੈ, ਤਾਂ ਆਜ਼ਾਦੀ ਪ੍ਰਾਪਤ ਕਰਨ ਦੇ ਅਜਿਹੇ ਵਿਅਰਥ ਸੁਪਨੇ ਦੇਖਣ ਦਾ ਕੀ ਮਤਲਬ ਹੈ? ਜਦੋਂ ਤੱਕ ਸਾਡੇ ਕੋਲ ਅਸਲ ਆਜ਼ਾਦੀ ਪ੍ਰਾਪਤ ਕਰਨ ਦੀ ਤਾਕਤ ਅਤੇ ਯੋਗਤਾ ਨਹੀਂ ਹੁੰਦੀ, ਉਦੋਂ ਤੱਕ ਸਾਡੇ ਲਈ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਚੰਗੀ ਤਰ੍ਹਾਂ ਪਰਖੇ ਗਏ ਤਰੀਕਿਆਂ ਦੀ ਪਾਲਣਾ ਕਰਨਾ ਬੁੱਧੀਮਾਨ ਅਤੇ ਲਾਭਦਾਇਕ ਹੋਵੇਗਾ। ਮੈਨੂੰ ਲੱਗਦਾ ਹੈ ਕਿ ਇਹ ਸਹੀ ਤਰੀਕਾ ਹੈ।

ਭਾਰਤ ਅਜੇ ਵੀ ਇੱਕ ਰਾਸ਼ਟਰ ਨਹੀਂ ਬਣਿਆ। ਇਹ ਦੇਸ਼ ਲਗਭਗ 4000 ਜਾਤਾਂ ਵਿੱਚ ਵੰਡਿਆ ਹੋਇਆ ਹੈ। ਇਸ ਤੋਂ ਇਲਾਵਾ, ਜਾਤੀਵਾਦ, ਖੇਤਰਵਾਦ, ਧਾਰਮਿਕ ਮਤਭੇਦ ਅਤੇ ਅਣਗਿਣਤ ਹੋਰ ਮਤਭੇਦ ਅਤੇ ਟਕਰਾਅ ਵਰਗੀਆਂ ਬੁਰਾਈਆਂ ਹਨ ਜੋ ਦੇਸ਼ ਨੂੰ ਵੰਡ ਰਹੀਆਂ ਹਨ। ਇਨ੍ਹਾਂ ਫੁੱਟ ਪਾਊ ਤਾਕਤਾਂ ਦੇ ਮੌਜੂਦ ਹੋਣ ਕਰਕੇ, ਇਹ ਵਿਸ਼ਵਾਸ ਕਰਨਾ ਔਖਾ ਹੈ ਕਿ ਭਾਰਤ ਕਦੇ ਇੱਕਜੁੱਟ ਹੋਵੇਗਾ। ਹਿੰਦੂਆਂ, ਮੁਸਲਮਾਨਾਂ ਅਤੇ ਈਸਾਈਆਂ ਦਾ ਕੋਈ ਸਾਂਝਾ ਟੀਚਾ ਨਹੀਂ ਹੈ। ਇਹ ਮੰਨਿਆ ਜਾ ਸਕਦਾ ਹੈ ਕਿ ਮੌਜੂਦਾ ਸਥਿਤੀ ਵਿੱਚ ਬ੍ਰਿਟਿਸ਼ ਰਾਜ ਦਾ ਅੰਤ ਹੋ ਗਿਆ ਹੈ, ਪਰ ਕੀ ਉਹ ਲੋਕ ਜੋ ਇੱਕ ਕੌਮ ਵਿੱਚ ਵਿਸ਼ਵਾਸ ਨਹੀਂ ਰੱਖਦੇ ਅਤੇ ਧਾਰਮਿਕ ਤੌਰ 'ਤੇ ਕੱਟੜ ਅਤੇ ਜਾਤੀਗਤ ਤੌਰ 'ਤੇ ਸੁਚੇਤ ਹਨ, ਰਾਜਨੀਤਿਕ ਸੱਤਾ ਹਾਸਲ ਕਰਨ ਲਈ ਇੱਕ ਦੂਜੇ ਵਿਰੁੱਧ ਨਹੀਂ ਲੜਨਗੇ?

ਅਸਲ ਅਤੇ ਸੱਚੀ ਆਜ਼ਾਦੀ ਪ੍ਰਾਪਤ ਕਰਨ ਦੀ ਅਸਲ ਸ਼ਕਤੀ ਦੀ ਅਣਹੋਂਦ ਵਿੱਚ ਆਜ਼ਾਦੀ ਦਾ ਸੁਪਨਾ ਦੇਖਣਾ ਵੀ ਨੁਕਸਾਨਦੇਹ ਹੋਵੇਗਾ।

ਦੂਜੇ ਪਾਸੇ, ਸਾਡੇ ਅਤੇ ਕਾਂਗਰਸ ਦੇ ਨਜ਼ਰੀਏ ਵਿੱਚ ਇੱਕ ਨਿਸ਼ਚਿਤ ਅੰਤਰ ਹੈ। ਕਾਂਗਰਸ ਸੰਵਿਧਾਨਕ ਸੁਧਾਰਾਂ ਨੂੰ ਪਸੰਦ ਨਹੀਂ ਕਰਦੀ। ਉਹ ਸੁਧਾਰਾਂ ਦੇ ਵਿਰੁੱਧ ਹੈ। ਵਿਧਾਨ ਸਭਾ ਵਿੱਚ ਪਹੁੰਚਣ ਤੋਂ ਬਾਅਦ ਇਹ ਸੁਧਾਰਾਂ ਨੂੰ ਰੋਕ ਸਕਦਾ ਹੈ। ਪਰ, ਇਸ ਤੱਥ ਦੇ ਬਾਵਜੂਦ ਕਿ ਇਹ ਸੁਧਾਰ ਸਾਡੀਆਂ ਇੱਛਾਵਾਂ ਅਤੇ ਮੰਗਾਂ ਦੇ ਅਨੁਕੂਲ ਨਹੀਂ ਹਨ, ਅਸੀਂ ਇਨ੍ਹਾਂ 'ਤੇ ਕੰਮ ਕਰਨ ਅਤੇ ਇਸ ਮੌਕੇ ਦੀ ਵਰਤੋਂ ਵਿਧਾਨ ਸਭਾਵਾਂ ਵਿੱਚ ਸਾਨੂੰ ਦਿੱਤੇ ਗਏ ਅਧਿਕਾਰਾਂ ਤੋਂ ਪਰੇ ਹੋਰ ਸ਼ਕਤੀਆਂ ਪ੍ਰਾਪਤ ਕਰਨ ਲਈ ਕਰਨ ਦੀ ਚੋਣ ਕੀਤੀ ਹੈ। ਇਹ ਉਹ ਸਮਾਂ ਨਹੀਂ ਹੈ ਜਦੋਂ ਵਿਧਾਨ ਸਭਾ ਨੂੰ ਚਾਲਾਂ ਅਤੇ ਮਜ਼ਾਕ ਲਈ ਖੇਡ ਦੇ ਮੈਦਾਨ ਵਜੋਂ ਵਰਤਿਆ ਜਾ ਰਿਹਾ ਹੈ।

ਅੱਜ ਕਾਂਗਰਸ ਮਿਲੀ-ਜੁਲੀ ਭੀੜ ਦੀ ਤਸਵੀਰ ਪੇਸ਼ ਕਰਦੀ ਹੈ। ਕਾਂਗਰਸ ਵਿੱਚ ਹੇਠਲੇ ਵਰਗ ਦੇ ਕੁਲੀ, ਗਰੀਬ ਮਜ਼ਦੂਰ, ਕਿਸਾਨ, ਛੋਟੇ ਕਾਰੋਬਾਰੀ, ਦੁਕਾਨਦਾਰ, ਜ਼ਮੀਨ ਮਾਲਕ, ਸ਼ਾਹੂਕਾਰ, ਵਪਾਰੀ, ਮੱਧ ਵਰਗ ਦੇ ਲੋਕ, ਪੂੰਜੀਪਤੀ ਅਤੇ ਸ਼ੋਸ਼ਣ ਕਰਨ ਵਾਲੇ ਪਾਏ ਜਾਂਦੇ ਹਨ। ਸੰਖੇਪ ਵਿੱਚ, ਕਾਂਗਰਸ ਹਰ ਤਰ੍ਹਾਂ ਦੇ ਵਿਰੋਧੀ ਹਿੱਤਾਂ ਵਾਲੇ ਲੋਕਾਂ ਨਾਲ ਭਰੀ ਹੋਈ ਹੈ। ਕੀ ਗਰੀਬਾਂ ਦੇ ਖੂਨ 'ਤੇ ਚੜ੍ਹਨ ਵਾਲਾ ਆਦਮੀ ਕਦੇ ਮਜ਼ਲੂਮਾਂ ਦਾ ਦੋਸਤ ਹੋ ਸਕਦਾ ਹੈ? ਕਾਂਗਰਸ ਅਮੀਰਾਂ ਦੇ ਹੱਥਾਂ ਵਿੱਚ ਇੱਕ ਖਿਡੌਣਾ ਹੈ। ਉਹ ਗਰੀਬ ਕਿਸਾਨਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀ ਕਿਵੇਂ ਮਦਦ ਕਰ ਸਕਦੇ ਹਨ?

ਕਾਂਗਰਸ ਕਿਸਾਨਾਂ ਅਤੇ ਮਜ਼ਦੂਰਾਂ ਦੀ ਪਾਰਟੀ ਨਹੀਂ ਹੈ। ਕਾਂਗਰਸ ਪੂੰਜੀਪਤੀਆਂ ਦੀ ਸਰਪ੍ਰਸਤ ਹੈ। ਕਾਂਗਰਸ ਲਈ ਮਜ਼ਦੂਰ ਵਰਗਾਂ ਅਤੇ ਆਮ ਆਦਮੀ ਦੇ ਹਿੱਤਾਂ ਦੀ ਰੱਖਿਆ ਕਰਨਾ ਬਹੁਤ ਮੁਸ਼ਕਲ ਹੈ।

ਇਸ ਦੇ ਉਲਟ, ਸਾਡੀ ਸੰਸਥਾ - ਸੁਤੰਤਰ ਲੇਬਰ ਪਾਰਟੀ - ਸਮਾਜ ਦੇ ਕਮਜ਼ੋਰ ਵਰਗਾਂ ਦੀ ਰੱਖਿਆ ਲਈ ਉਤਸੁਕ ਹੈ।

ਸਾਡੀ ਪਾਰਟੀ ਲਈ ਕਾਂਗਰਸ ਦੇ ਮੁਕਾਬਲੇ ਕਿਸਾਨਾਂ ਅਤੇ ਮਜ਼ਦੂਰ ਵਰਗ ਦੇ ਹਿੱਤਾਂ ਦੀ ਰੱਖਿਆ ਅਤੇ ਰਾਖੀ ਕਰਨਾ ਸੌਖਾ ਹੋਵੇਗਾ।

ਸਾਡੀ ਪਾਰਟੀ ਦਾ ਮੁੱਖ ਉਦੇਸ਼ ਅਛੂਤਾਂ, ਮਜ਼ਦੂਰ ਵਰਗ, ਗਰੀਬਾਂ ਅਤੇ ਵਾਂਝੇ ਵਿਅਕਤੀਆਂ ਦੇ ਹਿੱਤਾਂ ਲਈ ਲੜਨਾ ਹੈ। ਅਸੀਂ ਆਪਣੇ ਐਲਾਨੇ ਸਿਧਾਂਤਾਂ ਅਤੇ ਨੀਤੀਆਂ ਨਾਲ ਸਮਝੌਤਾ ਕੀਤੇ ਬਿਨਾਂ ਚੋਣਾਂ ਜਿੱਤਣ ਲਈ ਦੂਜੀਆਂ ਪਾਰਟੀਆਂ ਨਾਲ ਗੱਠਜੋੜ ਕਰਾਂਗੇ।

ਕਈ ਵਾਰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਮੈਂ ਅਛੂਤਾਂ ਦੇ ਹਿੱਤਾਂ ਦੇ ਮਾਮਲਿਆਂ ਨੂੰ ਛੱਡ ਕੇ ਦੂਜੇ ਵਿਅਕਤੀਆਂ ਨਾਲ ਕੰਮ ਕਰਨ ਦੀ ਚੋਣ ਕਿਉਂ ਕੀਤੀ ਹੈ? ਇਸ ਸੰਬੰਧ ਵਿੱਚ ਮੈਂ ਇਹ ਕਹਿਣਾ ਚਾਹਾਂਗਾ ਕਿ ਪ੍ਰਸਤਾਵਿਤ ਵਿਧਾਨ ਸਭਾ ਵਿੱਚ ਨਵੇਂ ਸੰਵਿਧਾਨ ਅਨੁਸਾਰ ਚੁਣੇ ਜਾਣ ਵਾਲੇ 175 ਮੈਂਬਰ ਹੋਣਗੇ। ਇਨ੍ਹਾਂ 175 ਪ੍ਰਤੀਨਿਧੀਆਂ ਵਿੱਚੋਂ 15 ਅਛੂਤਾਂ ਵਿੱਚੋਂ ਹੋਣਗੇ। ਇਨ੍ਹਾਂ 15 ਮੈਂਬਰਾਂ ਲਈ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨਾ ਸੰਭਵ ਨਹੀਂ ਹੈ। ਇਸ ਲਈ ਸਾਡੀ ਮਦਦ ਲਈ ਵੱਡੀ ਗਿਣਤੀ ਵਿੱਚ ਲੋਕਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੂੰ ਇੱਕੋ ਜਿਹੇ ਵਿਚਾਰਾਂ ਅਤੇ ਸਿਧਾਂਤਾਂ ਵਾਲੇ ਦੋਸਤ ਹੋਣੇ ਚਾਹੀਦੇ ਹਨ। ਅਜਿਹੇ ਗੈਰ-ਅਛੂਤ, ਜਿਨ੍ਹਾਂ ਨੇ ਸਾਡੇ ਨਾਲ ਮਿਲ ਕੇ ਲੜਾਈ ਲੜੀ ਹੈ ਅਤੇ ਆਪਣੇ ਹਿੱਤਾਂ ਦੀ ਕੁਰਬਾਨੀ ਦਿੰਦੇ ਹੋਏ ਵਫ਼ਾਦਾਰੀ ਨਾਲ ਸਾਡੀ ਮਦਦ ਕੀਤੀ ਹੈ, ਸਾਨੂੰ ਚੋਣਾਂ ਲੜਨ ਲਈ ਸਾਡੀ ਪਾਰਟੀ (ILP) ਦੇ ਉਮੀਦਵਾਰਾਂ ਵਜੋਂ ਅਪਣਾਉਣੇ ਚਾਹੀਦੇ ਹਨ। ਅਤੇ ਇਸ ਲਈ ਸਾਨੂੰ ਇਸ ਸਮੇਂ ਆਪਣਾ ਸਮਾਂ ਬਰਬਾਦ ਨਹੀਂ ਕਰਨਾ ਚਾਹੀਦਾ। ਆਪਣੀ ਪਾਰਟੀ ਦੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਸਾਨੂੰ ਗੱਪਾਂ, ਛੋਟੀਆਂ-ਮੋਟੀਆਂ ਲੜਾਈਆਂ, ਬੇਕਾਰ ਗਤੀਵਿਧੀਆਂ ਅਤੇ ਵਿਚਾਰ-ਵਟਾਂਦਰੇ ਨੂੰ ਇੱਕ ਪਾਸੇ ਰੱਖਣਾ ਚਾਹੀਦਾ ਹੈ। ਜੇਕਰ ਤੁਸੀਂ ਪਾਰਟੀ ਦੇ ਸਿਧਾਂਤਾਂ ਅਤੇ ਭਾਵਨਾ ਦੀ ਸਹੀ ਢੰਗ ਨਾਲ ਪਾਲਣਾ ਕਰਦੇ ਹੋ ਅਤੇ ਇਸਨੂੰ ਸਫਲ ਬਣਾਉਣ ਲਈ ਇਮਾਨਦਾਰੀ ਨਾਲ ਕੰਮ ਕਰਦੇ ਹੋ, ਤਾਂ ਮੈਂ ਆਪਣੇ ਸਾਥੀਆਂ ਲਈ ਜੋ ਕੁਝ ਪ੍ਰਾਪਤ ਕਰਨ ਦੇ ਯੋਗ ਹੋਇਆ ਹਾਂ, ਉਹ ਹੋਰ ਵੀ ਮਜ਼ਬੂਤ ਹੋਵੇਗਾ।

ਜੇਕਰ ਮੈਂ ਵਿਧਾਨ ਸਭਾ ਚੋਣਾਂ ਵਿੱਚ ਸਫਲ ਨਹੀਂ ਹੁੰਦਾ, ਤਾਂ ਇਹ ਕੋਈ ਵੱਡਾ ਨੁਕਸਾਨ ਨਹੀਂ ਹੋਵੇਗਾ। ਪਰ ਕੁਝ ਵੀ ਹੋਵੇ, ਤੁਹਾਨੂੰ 'ਜੀ' ਵਾਰਡ ਤੋਂ ਆਪਣੇ ਉਮੀਦਵਾਰ ਵਜੋਂ ਸ਼੍ਰੀ ਕਾਲੋਖੇ ਨੂੰ ਜਿਤਾਉਣਾ ਪਵੇਗਾ। ਇਹ ਸਾਡੇ ਲਈ ਇੱਜ਼ਤ ਦਾ ਸਵਾਲ ਹੈ।

ਇਸ ਸਮੇਂ, ਮੰਗ ਅਤੇ ਮਹਾਰਾਂ ਵਿਚਕਾਰ ਕੋਈ ਭੇਦਭਾਵ ਨਾ ਕਰੋ ਅਤੇ ਤੰਗ ਜਾਤੀ ਆਧਾਰਿਤ ਸੋਚ ਨੂੰ ਕੋਈ ਮਹੱਤਵ ਨਾ ਦਿਓ। ਅਸੀਂ ਸਾਰੇ ਇੱਕ ਹਾਂ ਅਤੇ ਸਾਨੂੰ ਏਕਤਾ ਦੀ ਇਸ ਸੱਚੀ ਭਾਵਨਾ ਨੂੰ ਹਮੇਸ਼ਾ ਆਪਣੇ ਮਨ ਵਿੱਚ ਰੱਖਣਾ ਹੋਵੇਗਾ।

ਹੁਣ ਮੈਂ ਇੱਕ ਹੋਰ ਮਹੱਤਵਪੂਰਨ ਮੁੱਦੇ 'ਤੇ ਗੱਲ ਕਰਨ ਜਾ ਰਿਹਾ ਹਾਂ। ਮੈਂ ਆਪਣੇ ਜ਼ਿਆਦਾਤਰ ਉਮੀਦਵਾਰ ਮਹਾਰ ਭਾਈਚਾਰੇ ਤੋਂ ਚੁਣੇ ਹਨ ਅਤੇ ਹੋਰ ਜਾਤੀਆਂ ਦੇ ਬਹੁਤੇ ਉਮੀਦਵਾਰ ਨਹੀਂ ਚੁਣੇ ਹਨ। ਸਪੱਸ਼ਟ ਸ਼ਬਦਾਂ ਵਿੱਚ ਕਹੀਏ ਤਾਂ, ਇਸ ਸਮੇਂ ਅਜਿਹਾ ਕਰਨ ਦੇ ਕਾਰਨਾਂ ਬਾਰੇ ਵਿਸਥਾਰ ਵਿੱਚ ਜਾਣ ਦੀ ਕੋਸ਼ਿਸ਼ ਕਰਨਾ ਸਿਆਣਪ ਨਹੀਂ ਹੋਵੇਗੀ।

ਪਰ ਜਿਨ੍ਹਾਂ ਨੇ ਅਖੌਤੀ ਰਾਸ਼ਟਰਵਾਦੀ ਹਰੀਜਨ ਪਾਰਟੀ ਦੀ ਸਥਾਪਨਾ ਕੀਤੀ ਹੈ, ਉਨ੍ਹਾਂ ਨੇ

ਇਹ ਦੋਸ਼ ਮੇਰੇ 'ਤੇ ਲਗਾਇਆ ਗਿਆ ਹੈ ਅਤੇ ਇਸ ਮੁੱਦੇ ਨੂੰ ਬਹੁਤ ਜ਼ਿਆਦਾ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਇਸ ਦੋਸ਼ ਦਾ ਖੰਡਨ ਕੀਤਾ ਜਾਣਾ ਚਾਹੀਦਾ ਹੈ ਅਤੇ ਢੁਕਵਾਂ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਮੈਂ ਇਨ੍ਹਾਂ ਅਖੌਤੀ ਰਾਸ਼ਟਰਵਾਦੀ 'ਹਰੀਜਨਾਂ' ਦੇ ਸੰਗਠਨ ਲਈ ਇੱਕ ਨਾਮ

"ਇਕੁਐਲਿਟੀ ਐਂਡ ਜਸਟਿਸ" Rs- 100/month
"Equality and Justice" ਸਵਤੰਤ੍ਰਤਾ, ਸਮਾਨਤਾ, ਭਾਈਚਾਰਾ

ਚੁਣਿਆ ਹੈ। ਮੈਂ ਉਨ੍ਹਾਂ ਨੂੰ 'ਲੇ ਭਾਗੂ' ਚੋਰ ਕਹਿੰਦਾ ਹਾਂ ਜਾਂ ਉਹ ਜੋ ਚੀਜ਼ਾਂ ਚੁੱਕ ਕੇ ਭੱਜ ਜਾਂਦੇ ਹਨ।

ਮੈਂ ਕਿਸੇ ਨੂੰ ਵੀ ਪਾਰਟੀ ਵਿੱਚੋਂ ਇਸ ਲਈ ਨਹੀਂ ਕੱਢਿਆ ਜਾਂ ਬਾਹਰ ਨਹੀਂ ਕੱਢਿਆ ਕਿਉਂਕਿ ਉਹ ਚਮਾਰ ਜਾਤੀ ਦਾ ਮੈਂਬਰ ਹੈ। ਉਹ ਜੋ ਵੀ ਸੋਚਣਾ ਚਾਹੁੰਦੇ ਹਨ, ਸੋਚਣ ਲਈ ਆਜ਼ਾਦ ਹਨ। ਇਸ ਦਾ ਮੇਰੇ 'ਤੇ ਬਹੁਤਾ ਪ੍ਰਭਾਵ ਨਹੀਂ ਪੈਂਦਾ। ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਨ੍ਹਾਂ 'ਹਰੀਜਨਾਂ' ਨੂੰ ਉਮੀਦਵਾਰਾਂ ਵਜੋਂ ਨਾ ਚੁਣਨ ਦਾ ਮੁੱਖ ਕਾਰਨ ਉਨ੍ਹਾਂ ਦੀ 'ਚੁੱਕਣ ਅਤੇ ਭੱਜਣ' ਦੀ ਆਦਤ ਸੀ ਜੋ ਉਨ੍ਹਾਂ ਨੂੰ ਸ਼ਾਮਲ ਨਾ ਕਰਨ ਲਈ ਜ਼ਿੰਮੇਵਾਰ ਸੀ। ਉਹ ਭਿਖਾਰੀਆਂ ਵਾਂਗ ਕਿਤੇ ਵੀ ਭੀਖ ਮੰਗਣ ਲਈ ਜਾ ਸਕਦੇ ਹਨ। ਉਸਨੂੰ ਸਿਧਾਂਤਾਂ, ਪਾਰਟੀ ਅਨੁਸ਼ਾਸਨ ਅਤੇ ਵਿਚਾਰਧਾਰਾਵਾਂ ਦਾ ਕੋਈ ਸਤਿਕਾਰ ਨਹੀਂ ਹੈ। ਉਹ 'ਖੋਹ', 'ਕਬਜ਼ਾ ਲੈਣਾ' ਅਤੇ 'ਭੱਜ ਜਾਣਾ' ਦੇ ਸਿਧਾਂਤਾਂ ਨਾਲ ਆਪਣੀ ਜ਼ਿੰਦਗੀ ਨੂੰ ਕਿਸੇ ਵੀ ਤਰੀਕੇ ਨਾਲ ਜਾਰੀ ਰੱਖ ਸਕਦੇ ਹਨ, ਇਹੀ ਉਨ੍ਹਾਂ ਦਾ ਇੱਕੋ ਇੱਕ ਸਿਧਾਂਤ ਹੈ।

ਅਸੀਂ ਮਹਾੜ ਸੱਤਿਆਗ੍ਰਹਿ ਸ਼ੁਰੂ ਕੀਤਾ। ਅਸੀਂ ਇਹ ਲਹਿਰ ਸਵੈ-ਮਾਣ ਅਤੇ ਸਵੈ-ਨਿਰਭਰਤਾ ਲਈ ਸ਼ੁਰੂ ਕੀਤੀ ਸੀ। ਅਸੀਂ ਨਾਸਿਕ ਵਿੱਚ ਇੱਕ ਹੋਰ ਸੰਘਰਸ਼ ਵੀ ਸ਼ੁਰੂ ਕੀਤਾ। ਕੁਝ ਸਮਾਂ ਪਹਿਲਾਂ, ਪੂਨਾ ਸਮਝੌਤੇ 'ਤੇ ਦਸਤਖਤ ਹੋਣ ਤੋਂ ਪਹਿਲਾਂ, ਜਿਸਨੇ ਸਾਡੀ ਜ਼ਿੰਦਗੀ ਨੂੰ ਉਲਝਣ ਵਿੱਚ ਪਾ ਦਿੱਤਾ ਸੀ, ਅਸੀਂ ਆਪਣੇ ਅਧਿਕਾਰਾਂ ਅਤੇ ਰਾਜਨੀਤਿਕ ਸੁਰੱਖਿਆ ਲਈ ਗਾਂਧੀ ਵਿਰੁੱਧ ਵੀ ਲੜੇ ਸੀ। ਇਹ ਅਖੌਤੀ 'ਰਾਸ਼ਟਰਵਾਦੀ ਹਰੀਜਨ' ਆਰਾਮ ਨਾਲ ਸਾਡੇ ਦੁਸ਼ਮਣਾਂ ਦੇ ਕੈਂਪਾਂ ਵਿੱਚ ਚਲੇ ਗਏ। ਹੁਣ ਜੇਕਰ ਇਹ ਧੋਖੇਬਾਜ਼ ਸਾਡੀ ਸਫਲਤਾ ਵਿੱਚ ਹਿੱਸਾ ਚਾਹੁੰਦੇ ਹਨ, ਜਿਸ ਲਈ ਉਨ੍ਹਾਂ ਨੇ ਨਾ ਤਾਂ ਸੰਘਰਸ਼ ਕੀਤਾ ਅਤੇ ਨਾ ਹੀ ਸਾਡੇ ਨਾਲ ਸਹਿਯੋਗ ਕੀਤਾ, ਤਾਂ ਫਿਰ ਅਸੀਂ ਅਜਿਹੇ ਲੋਕਾਂ ਪ੍ਰਤੀ ਦਇਆ ਕਿਉਂ ਕਰੀਏ? ਮੈਨੂੰ ਉਨ੍ਹਾਂ ਲੋਕਾਂ ਦੀ ਆਲੋਚਨਾ ਦੀ ਕੋਈ ਪਰਵਾਹ ਨਹੀਂ ਜਿਨ੍ਹਾਂ ਨੇ ਚਮਗਿੱਦੜਾਂ ਵਾਂਗ ਰਹਿਣਾ ਚੁਣਿਆ ਹੈ। ਇੰਨਾ ਹੀ ਨਹੀਂ, ਪੂਨਾ ਪੈਕਟ ਤੋਂ ਪਹਿਲਾਂ ਜਦੋਂ ਗਾਂਧੀ ਜੀ ਨੇ ਆਪਣੀ ਜਾਨ ਜੋਖਮ ਵਿੱਚ ਪਾਈ ਸੀ, ਇਹ ਉਹ ਲੋਕ ਸਨ ਜੋ ਗਾਂਧੀ ਜੀ ਦੇ ਸਮਰਥਨ ਵਿੱਚ ਖੜ੍ਹੇ ਹੋਏ ਸਨ ਅਤੇ ਐਲਾਨ ਕੀਤਾ ਸੀ ਕਿ ਉਹ ਗਾਂਧੀ ਜੀ ਦੀ ਜਾਨ ਬਚਾਉਣ ਲਈ ਦਲਿਤ ਵਰਗਾਂ ਲਈ ਸੀਟਾਂ ਦਾ ਕੋਈ ਰਾਖਵਾਂਕਰਨ ਨਹੀਂ ਚਾਹੁੰਦੇ ਸਨ। ਇਸ ਤੋਂ ਬਾਅਦ, ਇਨ੍ਹਾਂ ਲੋਕਾਂ ਨੂੰ ਉਨ੍ਹਾਂ ਸੀਟਾਂ 'ਤੇ ਹਿੱਸਾ ਮੰਗਣ ਦਾ ਕੀ ਹੱਕ ਹੈ ਜੋ ਅਸੀਂ ਆਪਣੇ ਸੰਘਰਸ਼ ਰਾਹੀਂ ਜਿੱਤੀਆਂ ਹਨ? ਇਨ੍ਹਾਂ ਅਖੌਤੀ ਰਾਸ਼ਟਰੀ ਹਰੀਜਨਾਂ ਦੇ ਮੁੱਖ ਨੇਤਾ ਸ਼੍ਰੀ ਨਾਰਾਇਣ ਕਾਜਰੋਲਕਰ, ਇੱਕ ਦਿਨ ਡਾ. ਸਾਵਰਕਰ ਦੀ ਸ਼੍ਰੇਣੀ ਵਿੱਚ ਬੈਠੇ ਪਾਏ ਜਾਣਗੇ। ਸ਼੍ਰੀ ਪੀ. ਬਾਲੂ, ਸ਼੍ਰੀ ਵੱਲਭਭਾਈ ਪਟੇਲ ਵਰਗੇ ਲੋਕ ਦੇਸ਼ ਭਗਤਾਂ ਦੇ ਕੈਂਪ ਵਿੱਚ ਸੀਟ ਲਈ ਲੜਦੇ ਮਿਲਣਗੇ।

**ਲੇਖ ਦਾ ਬਾਕੀ ਭਾਗ ਕਲ੍ਹ .......**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

# ਹਿੰਦੂ ਸਮਾਜ ਦਾ ਨੀਂਹ ਪੱਥਰ

ਬਾਬਾ ਸਾਹਿਬ ਡਾ. ਅੰਬੇਡਕਰ

ਲੇਖ-ਲੜੀ ਦਾ ਭਾਗ ਨੂੰ -12

## ਕੱਲ੍ਹ ਦਾ ਲੇਖ, ਹਿੰਦੂ ਸਮਾਜ ਦਾ ਨੀਂਹ ਪੱਥਰ। ਬਾਕੀ ਬਚਿਆ ਹਿੱਸਾ

ਬੁੱਧ ਇੱਕ ਖੱਤਰੀ ਸਨ। ਉਸਦਾ ਕਬੀਲਾ ਉੱਚਾ ਸੀ। ਉਹ ਸ਼ਾਹੀ ਪਰਿਵਾਰ ਨਾਲ ਸਬੰਧਤ ਸੀ। ਉਹ ਆਪਣੀ ਜਾਤੀ ਵਿੱਚ ਬ੍ਰਾਹਮਣਾਂ ਦੀ ਸਰਦਾਰੀ ਦਾ ਵਿਰੋਧ ਕਰਨ ਵਾਲਾ ਪਹਿਲਾ ਵਿਅਕਤੀ ਨਹੀਂ ਸੀ। ਬੁੱਧ ਤੋਂ ਸਦੀਆਂ ਪਹਿਲਾਂ, ਵਿਸ਼ਵਾਮਿੱਤਰ, ਜੋ ਬੁੱਧ ਵਾਂਗ ਖੱਤਰੀ ਜਾਤੀ ਨਾਲ ਸਬੰਧਤ ਸਨ, ਨੂੰ ਵੀ ਬ੍ਰਾਹਮਣਾਂ ਦੇ ਏਕਾਧਿਕਾਰ ਵਿਰੁੱਧ ਲੜਨਾ ਪਿਆ। ਪਰ ਉਨ੍ਹਾਂ ਪ੍ਰਾਚੀਨ ਸਮਿਆਂ ਵਿੱਚ, ਬ੍ਰਾਹਮਣਾਂ ਦੀ ਸਥਿਤੀ ਅਜਿੱਤ ਨਹੀਂ ਸੀ ਅਤੇ ਇੱਕ ਖੱਤਰੀ ਹੋਣ ਦੇ ਬਾਵਜੂਦ, ਵਿਸ਼ਵਾਮਿੱਤਰ ਨੇ ਸੰਘਰਸ਼ ਕੀਤਾ ਅਤੇ ਆਪਣੇ ਅਤੇ ਆਪਣੇ ਪਰਿਵਾਰ ਲਈ ਉਹ ਅਧਿਕਾਰ ਪ੍ਰਾਪਤ ਕੀਤੇ ਜੋ ਉਨ੍ਹਾਂ ਤੋਂ ਪਹਿਲਾਂ ਸਿਰਫ ਬ੍ਰਾਹਮਣ ਭਾਈਚਾਰੇ ਦਾ ਏਕਾਧਿਕਾਰ ਸੀ। ਵਿਦੇਹ ਰਾਜਾ ਜਨਕ ਦੀ ਕਹਾਣੀ ਬ੍ਰਾਹਮਣ ਗ੍ਰੰਥਾਂ ਵਿੱਚ ਦਿੱਤੀ ਗਈ ਹੈ। ਉਸਨੇ ਬ੍ਰਾਹਮਣਾਂ ਦੇ ਰਵਾਇਤੀ ਅਧਿਕਾਰ ਨੂੰ ਵੀ ਸਵੀਕਾਰ ਨਹੀਂ ਕੀਤਾ ਅਤੇ ਪੁਜਾਰੀਆਂ ਦੀ ਵਿਚੋਲਗੀ ਤੋਂ ਬਿਨਾਂ ਯੱਗ ਕਰਨ ਦੇ ਆਪਣੇ ਅਧਿਕਾਰ 'ਤੇ ਜ਼ੋਰ ਦਿੱਤਾ। ਇਨ੍ਹਾਂ ਦੋਵਾਂ ਆਦਮੀਆਂ ਅਤੇ ਬੁੱਧ ਦੇ ਨਿੱਜੀ ਆਚਰਣ ਵਿੱਚ ਭਾਵੇਂ ਕਿੰਨਾ ਵੀ ਵੱਡਾ ਫ਼ਰਕ ਕਿਉਂ ਨਾ ਹੋਵੇ, ਉਨ੍ਹਾਂ ਦੇ ਵਿਰੋਧ ਦਾ ਮੁੱਖ ਸਿਧਾਂਤ ਇੱਕੋ ਜਿਹਾ ਸੀ। ਉਹ ਸਵਾਰਥੀ ਪੁਜਾਰੀ ਵਰਗ ਦੇ ਏਕਾਧਿਕਾਰ ਵਿਰੁੱਧ ਬਰਾਬਰ ਲੜ ਰਹੇ ਸਨ।

ਪਰ ਜਿੱਥੇ ਵਿਸ਼ਵਾਮਿੱਤਰ ਨੇ ਸਿਰਫ਼ ਆਪਣੀ ਸਮੁੱਚੀ ਜਾਤੀ-ਵੰਸ਼ ਅਤੇ ਆਪਣੇ ਪਰਿਵਾਰ ਦੇ ਹੱਕਾਂ ਲਈ ਲੜਾਈ ਲੜੀ ਸੀ ਅਤੇ ਜਿਵੇਂ ਹੀ ਉਸਨੂੰ ਪੁਜਾਰੀ ਬਣਨ ਦਾ ਅਧਿਕਾਰ ਮਿਲਿਆ। ਉਹ ਸੰਤੁਸ਼ਟ ਸਨ ਅਤੇ ਜਿੱਥੇ ਜਨਕ, ਯੱਗਿਆਵਲਕਯ ਅਤੇ ਹੋਰ ਬ੍ਰਾਹਮਣਾਂ ਤੋਂ ਮਿਲੀ ਮਹਿਜ਼ ਮਹਿਮਾਨ ਨਿਵਾਜ਼ੀ ਨਾਲ ਸੰਤੁਸ਼ਟ ਸਨ, ਉੱਥੇ ਉਨ੍ਹਾਂ ਤੋਂ ਬਾਅਦ ਆਏ ਸੁਧਾਰਕਾਂ ਨੂੰ ਅਜਿਹੀ ਕੋਈ ਸਫਲਤਾ ਨਹੀਂ ਮਿਲੀ ਅਤੇ ਉਹ ਹਾਰ ਗਏ ਅਤੇ ਬ੍ਰਾਹਮਣਾਂ ਦਾ ਪੱਖ ਲੈ ਲਿਆ, ਹਾਲਾਂਕਿ, ਲੋਕਾਂ ਦੇ ਮਨਾਂ ਵਿੱਚ ਅਸੰਤੁਸ਼ਟੀ ਵਧਦੀ ਰਹੀ। ਭਾਰਤ ਦੇ ਇਤਿਹਾਸ ਵਿੱਚ ਇੱਕ ਕਾਲਾ ਅਧਿਆਇ ਹੈ। ਕਿਹਾ ਜਾਂਦਾ ਹੈ ਕਿ ਪਰਸ਼ੂਰਾਮ ਨੇ ਸਾਰੇ ਖੱਤਰੀਆਂ ਦਾ ਨਾਸ਼ ਕਰ ਦਿੱਤਾ ਸੀ। ਇਹ ਬ੍ਰਾਹਮਣਾਂ ਦੇ ਦਬਦਬੇ ਦੀ ਸ਼ੁਰੂਆਤ ਸੀ। ਜਿੱਥੋਂ ਤੱਕ ਅਸੀਂ ਭਾਰਤ ਦੇ ਇਤਿਹਾਸ ਅਤੇ ਇਸਦੀਆਂ ਪਰੰਪਰਾਵਾਂ ਨੂੰ ਜਾਣਦੇ ਹਾਂ, ਭਾਵੇਂ ਬ੍ਰਾਹਮਣਾਂ ਨੇ ਕਦੇ ਵੀ ਸ਼ਾਹੀ ਸੱਤਾ ਦੀ ਇੱਛਾ ਨਹੀਂ ਰੱਖੀ, ਪਰ ਅਸਲ ਵਿੱਚ ਉਨ੍ਹਾਂ ਦੀ ਜਾਤ ਹਮੇਸ਼ਾ ਸ਼ਾਸਕ ਜਾਤੀ ਰਹੀ ਹੈ। ਉਨ੍ਹਾਂ ਦੇ ਪੁਜਾਰੀਵਾਦ ਨੂੰ ਬ੍ਰਹਮ ਕਿਰਪਾ ਪ੍ਰਾਪਤ ਕਰਨ ਦੇ ਇੱਕੋ ਇੱਕ ਸਾਧਨ ਵਜੋਂ ਵਡਿਆਇਆ ਗਿਆ, ਉਨ੍ਹਾਂ ਦੇ ਸਿਧਾਂਤਾਂ ਨੂੰ ਅਟੱਲ ਮੰਨਿਆ ਗਿਆ, ਉਨ੍ਹਾਂ ਦੇ ਦੇਵੀ-ਦੇਵਤਿਆਂ ਨੂੰ ਸੱਚੇ ਦੇਵਤਿਆਂ ਵਜੋਂ ਸਵੀਕਾਰ ਕੀਤਾ ਗਿਆ ਅਤੇ ਉਨ੍ਹਾਂ ਦੀ ਬੋਲੀ ਨੂੰ ਇੰਨਾ ਸ਼ਕਤੀਸ਼ਾਲੀ ਮੰਨਿਆ ਗਿਆ ਕਿ ਇਹ ਰਿਸ਼ੀਆਂ ਦੇ ਸਧਾਰਨ ਪ੍ਰਗਟਾਵੇ ਅਤੇ ਬ੍ਰਾਹਮਣ ਲੇਖਕਾਂ ਦੀਆਂ ਬੇਤੁਕ ਲਿਖਤਾਂ ਨੂੰ ਬ੍ਰਹਮ ਵਜੋਂ ਪ੍ਰਮਾਣਿਤ ਕਰਨ ਲੱਗ ਪਿਆ। ਪਰ ਇਸ ਤੋਂ ਬਾਅਦ ਬ੍ਰਾਹਮਣਵਾਦ ਘਟਣਾ ਸ਼ੁਰੂ ਹੋ ਗਿਆ। ਭਾਰਤ ਦੇ ਲੋਕ, ਕਿਸੇ ਵੀ ਹੋਰ ਦੇਸ਼ ਵਾਂਗ, ਉਸ ਵਿਅਕਤੀ ਅੱਗੇ ਕਿਉਂ ਗੋਡੇ ਟੇਕਣਗੇ ਜਿਸਨੇ ਸੱਚਾਈ 'ਤੇ ਏਕਾਧਿਕਾਰ ਦਾ ਐਲਾਨ ਕੀਤਾ ਹੈ? ਅਤੇ ਉਹੀ ਲੱਖਾਂ ਲੋਕ ਜੋ ਰਾਜਨੀਤਿਕ ਤਾਨਾਸ਼ਾਹੀ ਦਾ ਭਾਰ ਸਬਰ ਨਾਲ ਚੁੱਕ ਰਹੇ ਸਨ, ਨੇ ਬੌਧਿਕ ਬਰਬਰਤਾ ਦੀਆਂ ਬੇੜੀਆਂ ਨੂੰ ਸੁੱਟ ਦਿੱਤਾ। ਦੁਨੀਆਂ ਦੇ ਸਭ ਤੋਂ ਪੁਰਾਣੇ ਧਰਮਾਂ ਵਿੱਚੋਂ ਇੱਕ ਦੇ ਜੂਲੇ ਨੂੰ ਉਤਾਰਨ ਲਈ, ਇੱਕ ਆਦਮੀ ਲਈ ਧਰਤੀ ਦੇ ਦੇਵਤਿਆਂ (ਭੂਦੇਵ) ਦੇ ਅਧਿਕਾਰ ਨੂੰ ਚੁਣੌਤੀ ਦੇਣਾ ਅਤੇ ਪਰਮਾਤਮਾ ਦੇ ਤੁੱਛ ਅਤੇ ਦੱਬੇ-ਕੁਚਲੇ ਪ੍ਰਾਣੀਆਂ ਵਿੱਚ ਇਹ ਸਧਾਰਨ ਸੱਚਾਈ ਪ੍ਰਚਾਰ ਕਰਨਾ ਕਾਫ਼ੀ ਸੀ ਕਿ ਮੁਕਤੀ ਪੁਜਾਰੀਆਂ ਦੀ ਪੁਜਾਰੀਵਾਦ ਤੋਂ ਬਿਨਾਂ ਅਤੇ ਉਨ੍ਹਾਂ ਧਰਮ ਗ੍ਰੰਥਾਂ ਵਿੱਚ ਵਿਸ਼ਵਾਸ ਕੀਤੇ ਬਿਨਾਂ ਸੰਭਵ ਹੈ ਜਿਨ੍ਹਾਂ ਨੂੰ ਉਹੀ ਪੁਜਾਰੀਆਂ ਨੇ ਸ਼ਰੂਤੀ ਕਿਹਾ ਹੈ। ਇਹ ਵਿਅਕਤੀ 'ਬੁੱਧ' ਸੀ, ਇੱਕ ਸ਼ਾਕਯ ਰਿਸ਼ੀ। ਹੁਣ ਜੇ ਅਸੀਂ ਦੇਖਦੇ ਹਾਂ ਕਿ ਬ੍ਰਾਹਮਣਾਂ ਦੁਆਰਾ ਬੁੱਧ ਦੇ ਸਿਧਾਂਤਾਂ ਦਾ ਕਿਵੇਂ ਵਿਰੋਧ ਕੀਤਾ ਗਿਆ ਹੈ, ਤਾਂ ਇਹ ਸੱਚ ਹੈ ਕਿ ਉਨ੍ਹਾਂ ਨੇ ਆਪਣੀਆਂ ਦਾਰਸ਼ਨਿਕ ਰਚਨਾਵਾਂ ਵਿੱਚ ਕਿਤੇ ਨਾ ਕਿਤੇ ਤਰਕ ਦੀ ਅਪੀਲ ਕਰਕੇ ਉਨ੍ਹਾਂ ਦੇ ਕੁਝ ਦਾਰਸ਼ਨਿਕ ਸਿਧਾਂਤਾਂ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਦਾਹਰਣ ਵਜੋਂ, ਵਾਚਸਪਤੀ ਮਿਸ਼ਰਾ ਨੇ ਵੇਦਾਂਤ ਸੂਤਰ 'ਤੇ ਆਪਣੀ ਟਿੱਪਣੀ ਵਿੱਚ ਅਜਿਹਾ ਹੀ ਯਤਨ ਕੀਤਾ ਹੈ। ਬੁੱਧ ਦੇ ਇਸ ਸਿਧਾਂਤ 'ਤੇ ਟਿੱਪਣੀ ਕਰਦੇ ਹੋਏ ਕਿ 'ਅਸਤਿ' (ਹੋਂਦ) ਅਤੇ 'ਨਾਸਤਿ' (ਗੈਰ-ਹੋਂਦ) ਵਰਗੀਆਂ ਧਾਰਨਾਵਾਂ ਬਹਿਸਯੋਗ ਨਹੀਂ ਹਨ, ਵਾਚਸਪਤੀ ਕਹਿੰਦੇ ਹਨ ਕਿ ਉਨ੍ਹਾਂ ਦੀ ਧਾਰਨਾ ਦੀ ਸੰਭਾਵਨਾ ਇਨ੍ਹਾਂ ਧਾਰਨਾਵਾਂ ਦੀ ਚਰਚਾ ਵਿੱਚ ਹੀ ਹੈ। ਇਸ ਤੋਂ ਇਲਾਵਾ, ਇਹ ਕਹਿ ਕੇ ਕਿ ਤਰਕ ਉਨ੍ਹਾਂ ਨੂੰ ਸਵੀਕਾਰ ਨਹੀਂ ਕਰਦਾ, ਇਹ ਸੰਕੇਤ ਕਰਦਾ ਹੈ ਕਿ ਉਹ ਅਸਲ ਵਿੱਚ ਤਰਕਪੂਰਨ ਹਨ, ਅਤੇ ਇਹ ਸਾਬਤ ਕਰਦਾ ਹੈ ਕਿ ਮਨ ਹੋਂਦ ਨੂੰ ਅਣਹੋਂਦ ਦੇ ਉਲਟ ਸਮਝ ਸਕਦਾ ਹੈ।

**ਬਾਕੀ ਲੇਖ ਕੱਲ੍ਹ....**

# ਸ਼ਹੀਦੀ ਦਿਹਾੜੇ ਮੌਕੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ, ਬਲਾਕੀਪੁਰ ਵਲੋਂ ਸ਼ਹੀਦ ਦੀ ਸੋਚ ਅਪਣਾਉਣ ਦੀ ਲੋੜ ਤੇ ਜ਼ੋਰ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

ਬੰਗਾ, 31 ਜੁਲਾਈ (ਚਰਨਜੀਤ ਸੱਲ੍ਹਾਂ) ਅੱਜ ਸ਼ਹੀਦ ਊਧਮ ਸਿੰਘ ਦੀ 86 ਵੇਂ ਸ਼ਹੀਦੀ ਦਿਹਾੜੇ ਮੌਕੇ ਉਹਨਾਂ ਨੂੰ ਸ਼ਰਧਾਂਜਲੀ ਭੇਂਟ ਕੀਤੀਆਂ ਗਈਆਂ। ਇਸ ਲੜੀ 'ਚ ਕਸਬਾ ਕਟਾਰੀਆਂ ਵਿਖੇ ਸਥਾਪਿਤ ਸ਼ਹੀਦ ਦੀ ਯਾਦਗਾਰ 'ਤੇ ਵੀ ਨਮਨ ਕੀਤਾ ਗਿਆ। ਦੀਵਾਨ ਟੋਡਰ ਮੱਲ ਵਿਰਾਸਤੀ ਫਾਊਂਡੇਸ਼ਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਕਿਰਪਾਲ ਸਿੰਘ ਬਲਾਕੀਪੁਰ ਨੇ ਕਿਹਾ ਕਿ ਅੱਜ ਦਾ ਦਿਨ ਸਾਨੂੰ ਵੱਡੀ ਪ੍ਰੇਰਨਾ ਵਾਲਾ ਅਤੇ ਅਦੁੱਤੀ ਹਸਤੀ ਦੀ ਕੁਰਬਾਨੀ ਨੂੰ ਯਾਦ ਕਰਨ ਵਾਲਾ ਦਿਨ ਹੈ। ਉਹਨਾਂ ਕਿਹਾ ਕਿ ਜ਼ਿਲ੍ਹਿਆਂਵਾਲਾ ਬਾਗ ਕਤਲੇਆਮ ਦਾ ਬਦਲਾ ਲੈਣ ਵਾਲੇ ਸ਼ਹੀਦ ਊਧਮ ਸਿੰਘ ਜੀ ਦੀ ਸ਼ਹਾਦਤ ਸਾਡੇ ਲਈ ਵੱਡੀ ਪ੍ਰੇਰਨਾ ਵਜੋਂ ਸਨਮੁੱਖ ਰਹੇਗੀ। ਸ. ਬਲਾਕੀਪੁਰ ਨੇ ਸ਼ਹੀਦ ਊਧਮ ਸਿੰਘ ਦੀ ਮਹਾਨ ਕੁਰਬਾਨੀ ਨੂੰ ਯਾਦ ਕਰਦਿਆਂ ਇਹ ਸ਼ਹਾਦਤਾਂ ਨੂੰ ਸੱਚੀ ਸ਼ਰਧਾਂਜਲੀ ਵਜੋਂ ਉਹਨਾਂ ਦੇ ਮਿਸ਼ਨ ਤੇ ਚੱਲਣ ਦੀ ਲੋੜ ਤੇ ਜ਼ੋਰ ਦਿੱਤਾ ਤਾਂ ਜ਼ੋ ਸਮਾਜ ਨੂੰ ਅੱਗੇ ਲੈ ਕੇ ਜਾਇਆ ਜਾ ਸਕੇ। ਇਸ ਮੌਕੇ ਸ਼ਾਮਿਲ ਸਰਪੰਚ ਮਨਜੀਤ ਸਿੰਘ, ਸਰਪੰਚ ਵਰਿੰਦਰ ਸਿੰਘ ਅਤੇ ਕਿਸਾਨ ਜਸਵਿੰਦਰ ਸਿੰਘ ਅਟਵਾਲ ਨੇ ਵੀ ਸ਼ਹੀਦ ਊਧਮ



ਸਿੰਘ ਨੂੰ ਦੇਸ਼ ਦਾ ਮਾਣ ਕਿਹਾ ਜਿਹਨਾਂ ਨੇ ਕੌਂਮਪ੍ਰਸਤੀ ਦੀ ਵੱਡੀ ਉਦਾਹਰਣ ਪੈਂਦਾ ਕੀਤੀ ਹੈ।

# ਸ਼ਹੀਦ ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਤੇ ਬਸਪਾ ਵਲੋਂ ਸਰਧਾਂਜਲੀ ਭੇਂਟ ਕੀਤੀ

## ਸਮੇਂ ਦੀਆਂ ਸਰਕਾਰਾਂ ਨੇ ਸਿਰਫ਼ ਸ਼ਹੀਦਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਨਹੀਂ ਕੀਤਾ ਪ੍ਰਵੀਨ ਬੰਗਾ, ਗੁਰਨਾਮ ਚੋਧਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

ਬੰਗਾ ( ਚਰਨਜੀਤ ਸੱਲ੍ਹਾਂ ) ਬਹੁਜਨ ਸਮਾਜ ਦਾ ਗੌਰਵ ਕੋਮੀ ਸ਼ਹੀਦ ਊਧਮ ਸਿੰਘ ਜੀ ਦੀ 85ਵੀਂ ਬਰਸੀ ਤੇ ਪਿੰਡ ਕਟਾਰੀਆਂ ਵਿਖੇ ਸ਼ਹੀਦ ਊਧਮ ਸਿੰਘ ਪਾਰਕ ਵਿਖੇ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਦੀ ਅਗਵਾਈ ਵਿੱਚ ਸਟੈਚੂ ਤੇ ਬਹੁਜਨ ਸਮਾਜ ਪਾਰਟੀ ਦੀ ਲੀਡਰਸ਼ਿਪ ਤੇ ਇਲਾਕਾ ਨਿਵਾਸੀਆਂ ਵਲੋਂ ਸ਼ਰਧਾ ਦੇ ਫੂਲ ਭੇਟ ਕੀਤੇ ਬੰਗਾ ਜੀ ਤੋਂ ਇਲਾਵਾ ਵਿਸ਼ੇਸ਼ ਤੋਰ ਤੇ ਬਸਪਾ ਪੰਜਾਬ ਦੇ ਕੋਆਰਡੀਨੇਟਰ ਸ੍ਰੀ ਗੁਰਨਾਮ ਚੋਧਰੀ ਬੰਗਾ ਹਲਕੇ ਦੇ ਪ੍ਰਧਾਨ ਮਾਸਟਰ ਸਤਪਾਲ ਰਟੈਂਡਾ ਜੀ ਬਜੁਰਗ ਆਗੂ ਅਜੀਤ ਰਾਮ ਗੁਣਾਚੌਰ ਮਹਿੰਦਰ



ਪਾਲ ਪਟਵਾਰੀ ਜਿਲਾ ਯੂਥ ਆਗੂ ਕੁਲਦੀਪ ਬਹਿਰਾਮ ਪੁੱਜੇ ਬਸਪਾ ਆਗੂ ਗੁਰਨਾਮ ਸਿੰਘ ਜੀ ਤੇ ਬਸਪਾ ਆਗੂ ਪ੍ਰਵੀਨ ਬੰਗਾ ਜੀ ਨੇ ਸ਼ਹੀਦ ਊਧਮ ਸਿੰਘ ਜੀ ਨੂੰ ਸਰਧਾਂਜਲੀ ਭੇਂਟ ਕਰਦੇ ਹੋਏ ਆਖਿਆ ਊਧਮਸਿੰਘ ਜੀ ਨੇ ਜਿਲਿਆਂ ਵਾਲੇ ਬਾਗ ਦੇ ਨਿਹਥੇ ਪੰਜਾਬੀਆਂ ਦੇ ਖੂਨੀ ਸਾਕੇ ਦਾ ਬਦਲਾ 20ਸਾਲ ਬਾਅਦ ਲੰਡਨ ਵਿੱਚ ਜਨਰਲ ਡਾਇਰ ਨੂੰ ਮਾਰਕੇ ਬਦਲਾ ਲਿਆ ਉਨ੍ਹਾਂ ਨੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਹਸਦਿਆਂ ਫਾਂਸੀ ਦਾ ਰਸਾ ਚੁੰਮਿਆ ਪਰ ਦੇਸ਼ ਦੀ ਅਜਾਦੀ ਤੇ 78ਸਾਲ ਬਾਅਦ ਵੀ ਸਮੇ ਦੀਆਂ ਸਰਕਾਰਾਂ ਨੇ ਸ਼ਹੀਦਾਂ ਨੂੰ ਬਣਦਾ ਨਾ ਸਨਮਾਨ ਦਿੱਤਾ ਤੇ ਨਾ ਹੀ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਸਿਰਫ਼ ਸ਼ਹੀਦਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਹੈ ਸ਼ਹੀਦਾਂ ਦੇ ਸੁਪਨਿਆਂ ਦਾ ਘਾਣ ਕੀਤਾ ਜਾ ਰਿਹਾ ਹੈ ਬਸਪਾ ਆਗੂ ਪ੍ਰਵੀਨ ਬੰਗਾ ਨੇ ਆਖਿਆ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉਤਰ ਪਰਦੇਸ ਵਿੱਚ ਬਸਪਾ ਦੀ ਪਹਿਲੀ ਵਾਰ ਭੈਣ ਕੁਮਾਰੀ ਮਾਇਆ ਵਤੀ ਜੀ ਦੀ ਅਗਵਾਈ ਵਿੱਚ 1995 ਵਿਚ ਸਰਕਾਰ ਬਣੀ ਤਾਂ ਸ਼ਹੀਦ ਊਧਮ ਸਿੰਘ ਜੀ ਦੇ ਨਾਂ ਤੇ ਜਿਲਾ ਬਣਾ ਕੇ ਉਨ੍ਹਾਂ ਦਾ ਬਣਦਾ ਸਨਮਾਨ ਕਰਕੇ ਇਤਹਾਸ ਰਚਿਆ ਬਸਪਾ ਵਲੋਂ ਸ਼ੁਰੂ ਕੀਤੀ ਪੰਜਾਬ ਸੰਭਾਲੋ ਮੁਹਿੰਮ ਦਾ ਸਹਿਯੋਗ ਕਰਨ ਦੀ ਅਪੀਲ ਕੀਤੀ ਤਾਂ ਜੋ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕੀਤਾ ਜਾ ਸਕੇ ਬੰਗਾ ਹਲਕੇ ਦੇ ਪ੍ਰਧਾਨ ਸਤਪਾਲ ਰਟੈਂਡਾ ਜੀ ਨੇ ਵੀ ਸਰਧਾਂਜਲੀ ਭੇਂਟ ਕਰਦੇ ਹੋਏ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਇਸ ਮੌਕੇ ਤੇ ਇੰਦਰਜੀਤ ਅਟਾਰੀ ਧਰਮ ਪਾਲ ਤਲਵੰਡੀ ਪਰਕਾਸ਼ ਫਰਾਲਾ, ਮਲਕੀਤ ਮੰਢਾਲੀ, ਪਰਮਜੀਤ ਮਹਿਸਮਪੁਰ, ਪਰਮਜੀਤ ਸਿੰਘ ਦੋਸਾਂਝ, ਜਗਤਾਰ ਸਿੰਘ ਚਕਰਾਮੂ, ਤੀਰਥ ਕਲਸੀ ਅਵਤਾਰ ਲਾਦੀਆਂ, ਪਰਵਿੰਦਰ ਕਲਸੀ ਪਰੇਮ ਕਲਸੀ, ਤੇ ਇਲਾਵਾ ਇਲਾਕੇ ਤੇ ਪਿੰਡ ਵਾਸੀਆਂ ਨੇ ਵੀ ਸ਼ਹੀਦ ਊਧਮ ਸਿੰਘ ਜੀ ਨੂੰ ਸਰਧਾਂਜਲੀ ਭੇਂਟ ਕੀਤੀਆਂ

# ਕਿਸਾਨਾਂ ਦੀਆ ਜਬਰੀ ਜ਼ਮੀਨਾਂ ਖੋਹਣ ਵਾਲਿਆਂ ਨੂੰ ਲੋਕ ਪਿੰਡਾਂ ਵਿੱਚ ਨਹੀਂ ਵੜਨ ਦੇਣਗੇ : ਲਾਲੀ ਬਾਜਵਾ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ / ਗੜ੍ਹਸ਼ੰਕਰ ( ਤਰਸੇਮ ਦੀਵਾਨਾ )

ਆਮ ਆਦਮੀ ਦੇ ਨਾਂ 'ਤੇ ਪੰਜਾਬ ਵਿੱਚ ਲੋਕਾਂ ਨਾਲ ਵੱਡੇ ਵੱਡੇ ਝੂਠੇ ਵਾਅਦੇ ਕਰਕੇ ਸੱਤਾ ਵਿੱਚ ਆਈ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਲੈਂਡ ਪੂਲਿੰਗ ਦੇ ਨਾਂ ਹੇਠ ਪੰਜਾਬ ਵਿੱਚ ਕਿਸਾਨਾਂ ਦੀਆਂ ਧੱਕੇ ਨਾਲ ਜ਼ਮੀਨਾਂ ਸ਼੍ਰੋਮਣੀ ਅਕਾਲੀ ਦਲ ਹਰਗਿਜ਼ ਨਹੀਂ ਖੋਹਣ ਦੇਵੇਗਾ। ਇਹ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਜਿਲ੍ਹਾ ਸ਼ਹਿਰੀ ਪ੍ਰਧਾਨ ਜਤਿੰਦਰ ਸਿੰਘ ਲਾਲੀ ਬਾਜਵਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹ ਗੜ੍ਹਸ਼ੰਕਰ ਹਲਕੇ ਦੇ ਸੀਨੀਅਰ ਅਕਾਲੀ ਆਗੂ ਹਰਪ੍ਰੀਤ ਸਿੰਘ ਰਿੰਕੂ ਬੇਦੀ ਨਾਲ ਪਾਰਟੀ ਦੀਆਂ ਗਤੀਵਿਧੀਆਂ ਸਬੰਧੀ ਵਿਚਾਰ ਚਰਚਾ ਕਰਨ ਪਹੁੰਚੇ ਹੋਏ ਸਨ। ਲਾਲੀ ਬਾਜਵਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾਂ ਕਿਸਾਨਾਂ ਦੀ ਬਾਂਹ ਫੜੀ ਹੈ ਅਤੇ ਹੁਣ ਵੀ ਸ਼੍ਰੋਮਣੀ ਅਕਾਲੀ ਦਲ ਬਾਦਲ ਕਿਸਾਨਾਂ ਨਾਲ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਲੈਂਡ ਪੂਲਿੰਗ ਦੇ ਨਾਮ ਹੇਠ ਸਰਕਾਰ ਵੱਲੋਂ 65 ਹਜ਼ਾਰ ਏਕੜ ਜ਼ਮੀਨ ਕਿਸਾਨਾਂ ਕੋਲੋਂ ਖੋਹ ਕੇ ਗੈਰ ਪੰਜਾਬੀਆਂ ਨੂੰ ਦਿੱਤੀ ਜਾਣੀ ਹੈ ਜੋ ਕਿ ਇੱਕ ਸੋਚੀ ਸਮਝੀ ਸਾਜਿਸ਼ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਇਸ ਸਕੀਮ ਦੇ ਖ਼ਿਲਾਫ਼ ਆਮ ਆਦਮੀ ਪਾਰਟੀ ਦੇ ਆਗੂਆਂ ਦਾ ਮਾਲਵੇ ਵਿੱਚ ਵਿਰੋਧ ਹੋਣ ਤੋਂ ਬਾਅਦ ਹੁਣ ਦੁਆਬੇ ਵਿੱਚ ਵੀ ਵਿਰੋਧ ਸ਼ੁਰੂ ਹੋ ਗਿਆ ਹੈ ਜਿਸ ਦੀ ਤਾਜ਼ਾ ਉਦਾਹਰਨ ਹੁਸ਼ਿਆਰਪੁਰ ਦੇ ਪਿੰਡਾਂ ਵਿੱਚ ਕਿਸਾਨਾਂ ਨੇ ਆਪ ਵਾਲਿਆਂ ਦੇ ਪਿੰਡਾਂ ਵਿੱਚ ਨਾ ਵੜਨ ਦੇ ਵੱਡੇ ਵੱਡੇ ਫਲੈਕਸ ਲਗਾ ਦਿੱਤੇ ਹਨ। ਇਸ ਸਕੀਮ ਨੂੰ ਵਾਪਸ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਤਿੱਖਾ ਸੰਘਰਸ਼ ਲੜੇਗਾ। ਇਸ ਮੌਕੇ ਦਵਿੰਦਰ ਸਿੰਘ ਬੈਂਸ, ਐਡਵੋਕੇਟ ਸ਼ਮਸ਼ੇਰ ਸਿੰਘ ਭਾਰਦਵਾਜ, ਗੁਰਪ੍ਰੀਤ ਸਿੰਘ ਕੋਹਲੀ, ਮਨਦੀਪ ਸਿੰਘ ਹਾਜ਼ਰ ਸਨ।

# ਸੰਤ ਬਾਬਾ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦਾ ਜਨਮ ਦਿਹਾੜਾ 3,4,5 ਅਗਸਤ ਨੂੰ ਪਿੰਡ ਆਲੋਵਾਲ ਮਨਾਇਆ ਜਾਵੇਗਾ --ਕੰਗ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

ਪਟਿਆਲਾ ( ਜਗਤਾਰ ਸਿੰਘ ਰੋੜੇਵਾਲ)-- ਸ੍ਰੀ ਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦਾ ਜਨਮ ਦਿਹਾੜਾ 3,4 ਅਤੇ 5 ਅਗਸਤ 2025 ਨੂੰ ਜਨਮ ਅਸਥਾਨ ਪਿੰਡ ਆਲੋਵਾਲ ਜਿਲਾ ਪਟਿਆਲਾ ਵਿਖੇ ਰਾੜਾ ਸਾਹਿਬ ਸੰਪਰਦਾਇ ਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਹਰ ਸਾਲ ਦੀ




ਤਰ੍ਹਾਂ ਮਨਾਇਆ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਰਪੰਚ ਬਲਵਿੰਦਰ ਸਿੰਘ ਕੰਗ ਪ੍ਰਧਾਨ ਦੀ ਪਟਿਆਲਾ ਵੈਲਫੇਅਰ ਸੁਸਾਇਟੀ ਪਟਿਆਲਾ ਨੇ ਦੱਸਿਆ ਕਿ ਸਤਵੀਰ ਸਿੰਘ ਖੱਟੜਾ ਚੈਅਰਮੈਨ ਦੀ ਪਟਿਆਲਾ ਵੈਲਫੇਅਰ ਸੁਸਾਇਟੀ ਪਟਿਆਲਾ ਦੀ ਅਗਵਾਈ ਹੇਠ ਮਿਤੀ 4-8-2025 ਨੂੰ ਖੂਨ ਦਾਨ ਕੈਂਪ ਅਤੇ ਮਿਤੀ 5-8-2025 ਮੈਡੀਕਲ ਕੈਂਪ ਲਗਾਇਆ ਜਾਵੇਗਾ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਸੰਗਤਾਂ ਨੂੰ ਬੂਟਿਆਂ ਦੇ ਰੂਪ ਵਿੱਚ ਪ੍ਰਸ਼ਾਦ ਵੰਡਿਆ ਜਾਵੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਹਨਾਂ ਸਮਾਗਮਾਂ ਵਿੱਚ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ

# ਬਹੁਜਨ ਸਮਾਜ ਪਾਰਟੀ ਹਲਕਾ ਸਨੌਰ ਦੇ ਆਗੂਆਂ ਨੇ ਸ਼ਹੀਦ ਊਧਮ ਸਿੰਘ ਦੇ ਜਨਮ ਦਿਨ ਮੌਕੇ ਬੁੱਤ ਤੇ ਫੁੱਲਮਾਲਾ ਅਰਪਣ ਕਰ ਉਨ੍ਹਾਂ ਨੂੰ ਯਾਦ ਕੀਤਾ - ਹਰਦੀਪ ਧਾਲੀਵਾਲ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

ਪਟਿਆਲਾ ਜਗਤਾਰ ਸਿੰਘ ਰੋੜੇਵਾਲ --- ਜਿਲਾ ਪਟਿਆਲਾ ਦੇ ਹਲਕਾ ਸਨੌਰ ਵਿਖੇ ਸ਼ਹੀਦ ਊਧਮ ਸਿੰਘ ਸੁਨਾਮ ਦੇ ਲੱਗੇ ਬੁੱਤ ਤੇ ਪਹੁੰਚ ਕੇ ਬਹੁਜਨ ਸਮਾਜ ਪਾਰਟੀ ਹਲਕਾ ਸਨੌਰ ਦੇ ਆਗੂਆਂ ਹਲਕਾ ਸਨੌਰ ਪ੍ਰਧਾਨ ਹਰਦੀਪ ਸਿੰਘ ਧਾਲੀਵਾਲ, ਹਲਕਾ ਸਨੌਰ ਇੰਚਾਰਜ ਅੰਗਰੇਜ਼ ਸਿੰਘ ਬਹਾਦਰਗੜ੍ਹ, ਜਨਰਲ ਸਕੱਤਰ ਸਨੌਰ ਸਿਉ ਸਿੰਘ ਬਹਾਦਰਗੜ੍ਹ ਅਤੇ ਹੋਰ ਸਤਿਕਾਰਯੋਗ ਸਾਥੀਆਂ ਵਲੋਂ ਭਾਰਤ ਮਾਂ ਦੇ ਮਹਾਨ ਸਪੂਤ



ਅਣਖਿਲੇ ਸੂਰਵੀਰ ਯੋਧੇ ਸ਼ਹੀਦ ਸ੍ਰ ਉਧਮ ਸਿੰਘ ਦੀ ਸ਼ਹੀਦੀ ਦਿਵਸ ਤੇ ਕੋਟਿ ਕੋਟਿ ਪ੍ਰਣਾਮ ਤੇ ਸ਼ਰਧਾ ਦੇ ਫੁੱਲ ਭੇਂਟ ਕੀਤੇ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਗਤਾਰ ਸਿੰਘ ਭੱਟੀ ਮੀਡੀਆ ਇੰਚਾਰਜ ਜਿਲਾ ਪਟਿਆਲਾ ਨੇ ਦੱਸਿਆ ਕਿ ਉਨ੍ਹਾਂ ਵਲੋਂ ਜਲਿਆਂ ਵਾਲੇ ਬਾਗ਼ ਵਿਖੇ ਜਰਨਲ ਡਾਇਰ ਵਲੋਂ ਭਾਰਤ ਦੇ ਬੇਕਸੂਰ ਲੋਕਾਂ ਨੂੰ ਗੋਲੀਆਂ ਦੇ ਨਾਲ ਮਾਰਿਆ ਗਿਆ ਸੀ ।ਜਿਸ ਵਿੱਚ ਬਜ਼ੁਰਗ, ਨੌਜਵਾਨ,ਔਰਤਾਂ ਤੇ ਬੱਚੇ, ਬੱਚੀਆਂ ਸਨ ਉਨ੍ਹਾਂ ਸਾਰਿਆਂ ਦੇ ਡੁੱਲ੍ਹੇ ਖੂਨ ਦਾ ਬਦਲਾ ਅਣਖ, ਜਮੀਰ ਜਗ੍ਹਾ ਕੇ ਇੰਗਲੈਂਡ ਦੀ ਧਰਤੀ ਤੇ ਜਾ ਕੇ ਗੋਲੀਆਂ ਨਾਲ ਭੁੰਨ ਕੇ ਲਿਆ ਗਿਆ। ਅੱਜ ਵਾਲੇ ਫੋਕੇ ਇਨਕਲਾਬੀਆਂ ਵਾਂਗ ਪੱਗਾ ਬੰਨ ਕੇ ਜਮੀਰ ਨੂੰ ਮਾਰ ਕੇ ਆਪਣੇ ਹੀ ਦੇਸ਼ ਦੇ ਅਤੇ ਪੰਜਾਬ ਰਾਜ ਦੇ ਗ਼ਰੀਬਾ, ਮਜ਼ਦੂਰਾਂ, ਤੇ ਕਿਸਾਨਾਂ ਨੂੰ ਲਤਾੜ ਕੇ ਫੋਕੀ ਸ਼ੋਹਰਤ ਖੱਟੀ, ਕੰਮ ਨਹੀਂ ਕੀਤੇ। ਸੋ ਬਹੁਜਨ ਸਮਾਜ ਪਾਰਟੀ ਦੇ ਪਲੇਟਫਾਰਮ ਤੋਂ ਉਨ੍ਹਾਂ ਦੀ ਅਣਖ਼ ਨੂੰ ਸੋਚ ਨੂੰ ਦਿਲੋਂ ਸਲਾਮ ਕਰਦੇ ਹੋਏ ਗ਼ਰੀਬ, ਮਜ਼ਦੂਰ, ਮਜਬੂਰ, ਦੇਸ਼ ਦੇ ਪੰਜਾਬ ਦੇ ਕਿਸਾਨਾਂ ਲਈ ਫਸਲਾਂ , ਨਸਲਾਂ ਦੀ ਰਾਖੀ ਲਈ ਆਓ ਸਾਰੇ ਪੰਜਾਬ ਵਾਸੀਓ ਬਸਪਾ ਵਲੋਂ ਪੰਜਾਬ ਨੂੰ ਬਚਾਉਣ ਲਈ "ਪੰਜਾਬ ਸੰਭਾਲੋ -ਮੁਹਿੰਮ" ਦਾ ਹਿੱਸਾ ਬਣ ਕੇ ਹਾਥੀ ਵਾਲੇ ਨੀਲੇ ਝੰਡੇ ਹੇਠ ਇੱਕਠੇ ਹੋਈਏ।

# ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਯੂਰੀਆ ਦੀ ਵੱਧ ਵਿਕਰੀ ਨੂੰ ਲੈ ਕੇ ਖੇਤੀਬਾੜੀ ਵਿਭਾਗ ਵੱਲੋਂ ਸਖ਼ਤ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 31 ਜੁਲਾਈ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ) ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਰਾਜ ਭਰ ਵਿੱਚ ਖਾਦ ਵਿਕਰੇਤਾਵਾਂ ਅਤੇ ਡੀਲਰਾਂ ਵੱਲੋਂ ਯੂਰੀਆ ਦੀ ਗਲਤ ਤਰੀਕੇ ਨਾਲ ਹੋ ਰਹੀ ਵਿਕਰੀ ਨੂੰ ਰੋਕਣ ਲਈ ਵਿਸ਼ੇਸ਼ ਇਨਫੋਰਸਮੈਂਟ ਡਰਾਈਵ ਚਲਾਈ ਗਈ ਹੈ। ਇਹ ਮੁਹਿੰਮ ਵਿਭਾਗ ਦੇ ਪ੍ਰਬੰਧਕੀ ਸਕੱਤਰ ਡਾ. ਬਸੰਤ ਗਰਗ ਦੇ ਹੁਕਮਾਂ ਅਧੀਨ ਅਤੇ ਡਾਇਰੈਕਟਰ ਖੇਤੀਬਾੜੀ ਪੰਜਾਬ ਜਸਵੰਤ ਸਿੰਘ ਦੀ ਨਿਗਰਾਨੀ ਹੇਠ ਸ਼ੁਰੂ ਕੀਤੀ ਗਈ। ਇਸ ਮੁਹਿੰਮ ਤਹਿਤ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ



ਵਿਸ਼ੇਸ਼ ਜਾਂਚ ਲਈ ਇਕ ਟੀਮ ਬਣਾਈ ਗਈ, ਜਿਸ ਵਿੱਚ ਮੁਖ਼ ਖੇਤੀ ਅਧਿਕਾਰੀ, ਸ੍ਰੀ ਮੁਕਤਸਰ ਸਾਹਿਬ ਡਾ. ਕਰਨਜੀਤ ਸਿੰਘ ਅਤੇ ਖੇਤੀ ਵਿਕਾਸ ਅਧਿਕਾਰੀ (ਇਨਫੋਰਸਮੈਂਟ), ਹੁਸ਼ਿਆਰਪੁਰ ਡਾ. ਜਤਿਨ ਵਸ਼ਿਸ਼ਠ ਸ਼ਾਮਿਲ ਸਨ। ਇਹ ਜਾਂਚ ਮੁਹਿੰਮ ਜ਼ਿਲ੍ਹੇ ਦੇ ਸਾਰੇ ਬਲਾਕ ਖੇਤੀ ਅਧਿਕਾਰੀਆਂ ਦੇ ਸਹਿਯੋਗ ਨਾਲ ਚਲਾਈ ਗਈ। ਹਰੇਕ ਬਲਾਕ ਪੱਧਰ 'ਤੇ ਵਿਸ਼ੇਸ਼ ਟੀਮਾਂ ਨੂੰ ਤਾਇਨਾਤ ਕੀਤਾ ਗਿਆ, ਜੋ ਵੱਧ ਯੂਰੀਆ ਵਿਕਰੀ ਵਾਲੇ ਰਿਪੋਰਟ ਹੋਏ ਰਿਟੇਲਰਾਂ ਅਤੇ ਡੀਲਰਾਂ ਦੇ ਸਥਾਨਾਂ 'ਤੇ ਮੌਕੇ 'ਤੇ ਪਹੁੰਚ ਕੇ ਗਹਿਨ ਜਾਂਚ ਕਰ ਰਹੀਆਂ ਹਨ। ਜਾਂਚ ਦੌਰਾਨ ਸਟਾਕ ਦੀ ਪੂਰੀ ਜਾਂਚ, ਇਨਵਾਇਸ ਆਡਿਟ, ਅਤੇ ਸਪਲਾਈ-ਵਿਕਰੀ ਰਿਕਾਰਡ ਦਾ ਮਿਲਾਨ ਕੀਤਾ ਗਿਆ। ਇਸ ਇਨਫੋਰਸਮੈਂਟ ਮੁਹਿੰਮ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਬਿਜਾਈ ਦੇ ਚਰਮ ਸਮੇਂ ਦੌਰਾਨ ਸਹੀ ਕਿਸਾਨਾਂ ਨੂੰ ਯੂਰੀਆ ਉਚਿਤ ਅਤੇ ਪਾਰਦਰਸ਼ੀ ਢੰਗ ਨਾਲ ਉਪਲਬਧ ਕਰਵਾਇਆ ਜਾਵੇ। ਵਿਭਾਗ ਵੱਲੋਂ ਇਸ ਗੱਲ ਨੂੰ ਦੋਹਰਾਇਆ ਗਿਆ ਕਿ ਖਾਦ ਸਪਲਾਈ ਚੇਨ ਵਿੱਚ ਕਿਸੇ ਵੀ ਕਿਸਮ ਦੀ ਕਾਲਾ ਬਾਜ਼ਾਰੀ, ਸਟਾਕ ਇਕੱਠਾ ਕਰਨਾ ਜਾਂ ਹੋਰ ਕੋਈ ਗੜਬੜੀ ਨਹੀਂ ਸਹਿਣ ਕੀਤੀ ਜਾਵੇਗੀ। ਖੇਤੀਬਾੜੀ ਵਿਭਾਗ ਵੱਲੋਂ ਕਿਸਾਨਾਂ ਅਤੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਗਈ ਹੈ ਕਿ ਜੇ ਕਿਸੇ ਖਾਦ ਡੀਲਰ ਵੱਲੋਂ ਵੱਧ ਰੇਟ ਲਾਗੂ ਕਰਨ, ਨਕਲੀ ਕਮੀ ਪੈਦਾ ਕਰਨਾ ਜਾਂ ਕੋਈ ਵੀ ਸ਼ੱਕੀ ਗਤੀਵਿਧੀ ਸਾਹਮਣੇ ਆਵੇ, ਤਾਂ ਉਸ ਦੀ ਤੁਰੰਤ ਸ਼ਿਕਾਇਤ ਕੀਤੀ ਜਾਵੇ, ਤਾਂ ਜੋ ਲਾਜ਼ਮੀ ਕਾਰਵਾਈ ਕੀਤੀ ਜਾ ਸਕੇ।

“समानता और न्याय”
पटियाला 31 जुलाई
INTERNATIONAL PAPER, 9463601616
hardipchumber57@gmail.com

# हमारी आजादी की लड़ाई बाकी है- बाबा साहब

बाबा साहेब कहते हैं

**1935 के अधिनियमन लागू होने के बाद, भारतीय राष्ट्रीय कांग्रेस पार्टी ने 1937 में भारत के आधे राज्यों में सरकारें बनाईं और चतरवर्न के हिंदू लोगों ने 7 राज्यों के ब्राह्मण मुख्यमंत्री बनाए और मंत्री, विधायक और सांसद आदि भी बने। अब शासन, प्रशासन भारत चतरवर्न के लोगों के हाथों में था, फिर भी ये लोग खुद को अंग्रेजों का गुलाम मानते थे। 1947 में सत्ता परिवर्तन के बाद, अनुसूचित वर्ग के लोगें को लगभग वैसे ही समान अधिकार मिले जैसे कि ब्रिटिश शासन के दौरान चतरवर्न के हिंदुओं को थे। वर्तमान में अनुसूचित जाति के लोग मुख्यमंत्री, मंत्री, विधायक, सांसद बनते हैं, लेकिन वे अनुसूचित वर्ग के समाज के लोगों के समानता के अधिकारों को सुनिश्चित करवाने के लिए कुछ नहीं कर पा रहे।**

## कल के लेख ‘किसी षड्यंत्र का शिकार न बनें’ का शेष भाग

कांग्रेस का मुख्य उद्देश्य स्वतंत्रता प्राप्त करना है। मेरे साथी और मैं भी स्वतंत्रता प्राप्त करना चाहते हैं लेकिन स्वतंत्रता प्राप्त करना इतना



साधारण और आसान कार्य नहीं है। यहां तक कि महात्मा गांधी द्वारा विकसित किए गए ‘सत्याग्रह’ के हथियार के भी बहुत प्रभावी होने की संभावना नहीं है। असहयोग और सविनय अवज्ञा के साथ भी स्वतंत्रता प्राप्त कर पाना संभव नहीं है। यह हमारी क्षमता से निश्चित रूप से परे है। ऐसा प्रतीत होता है कि सभी लोग इसी ढंग से सोच रहे हैं। यदि यह इतना कठिन है, तो फिर स्वतंत्रता प्राप्त करने के ऐसे निरर्थक स्वप्न देखने का क्या मतलब है। जब तक हममें वास्तविक स्वतंत्रता प्राप्त करने की शक्ति और क्षमता नहीं होगी, तब तक हमें हमारा उद्देश्य प्राप्त करने के लिए भलीभांति परखी हुई विधियों का अनुसरण करना ही बुद्धिमत्तापूर्ण और लाभकारी होगा। मैं समझता हूं कि यही सही दृष्टिकोण है।

भारत अभी भी एक राष्ट्र नहीं बन पाया है। यह देश लगभग 4000 जातियों में बंटा हुआ है। इसके अतिरिक्त जातिवाद, प्रांतवाद, धार्मिक मतभेद और असंख्य अन्य मतभेद और झगड़ों जैसी बुराइयां हैं जोकि देश को बांट रही हैं। इन विभाजनकारी शक्तियों के रहते इस बात का विश्वास हो पाना कठिन है कि भारत कभी भी संगठित हो पाएगा। हिंदुओं, मुसलमानों और ईसाइयों का कोई साझा लक्ष्य नहीं है। यह बात मानी जा सकती है कि वर्तमान स्थिति में ब्रिटिश राज समाप्ति पर आ गया है, लेकिन क्या ऐसे लोग जो एक राष्ट्र में विश्वास नहीं करते हैं और धार्मिक रूप से उन्मादी हैं तथा जाति के प्रति जागरूक हैं राजनीतिक शक्ति प्राप्त करने के लिए एक-दूसरे के विरुद्ध लड़ते नहीं रहेंगे?

वास्तविक और सच्ची स्वतंत्रता प्राप्त करने के लिए वास्तविक शक्ति की अनुपस्थिति में स्वतंत्रता के सपने देखना भी नुकसानदेह होगा।

वहीं दूसरी ओर हमारे और कांग्रेस के दर्षष्टकोण में एक निश्चित अंतर है। कांग्रेस संवैधानिक सुधारों को पसंद नहीं करती है। वह सुधारों के खिलाफ है। विधान सभा में पहुंचने के पश्चात वह सुधारों पर अंकुश लगा सकती है। लेकिन, इस बात को ध्यान में न रखते हुए कि ये सुधार हमारी महात्वाकांक्षाओं और मांगों के अनुरूप नहीं है, हमने इन पर कार्य करने और इस अवसर को विधान सभाओं में हमें दिए गए अधिकारों से और अधिक अधिकार प्राप्त करने के लिए उपयोग में लाना पसंद किया है। यह वह समय नहीं है जबकि विधान सभा का उपयोग चालों और शरारतों के किसी खेल के मैदान के रूप में किया जाए।

आज कांग्रेस एक मिश्रित भीड़ की तस्वीर को प्रस्तुत करती है। कांग्रेस में निचले दर्जे के कुली, गरीब श्रमिक, किसान, छोटे-मोटे व्यावसायी, दुकानदारों से लेकर जमीनों के मालिक, सूदखोर, व्यापारी, मध्यमवर्गीय व्यक्ति, पूंजीपति और शोषणकर्ता पाए जाते हैं। संक्षेप में कांग्रेस में सभी प्रकार के परस्पर विरोधी हितों वाले व्यक्ति हैं। जो व्यक्ति गरीबों के खून पर तरक्की करते हैं, क्या वे कभी भी उत्पीड़ितों के मित्र हो सकते हैं? कांग्रेस संपन्न व्यक्तियों के हाथों का खिलौना है। भला वे गरीब खेतिहरों, किसानों और कामगारों की मदद कैसे कर सकते हैं?

कांग्रेस किसानों और कामगारों की पार्टी नहीं है। कांग्रेस पूंजीपतियों की संरक्षक है। कांग्रेस के लिए कामकाजी वर्गों और आम आदमी के हितों की सुरक्षा करना और उन्हें बचाए रखना बहुत कठिन है।

इसके विपरीत हमारा संगठन – इंडिपेंडेंट लेबर पार्टी समाज के कमजोर वर्गों की सुरक्षा के लिए तत्पर है।

कांग्रेस की तुलना में हमारी पार्टी के लिए किसानों और कामकाजी वर्गों के हितों की सुरक्षा करना और उन्हें बचाए रखना आसान होगा।

हमारी पार्टी का मुख्य उद्देश्य अस्पृश्यों, कामकाजी वर्गों, गरीबों और वंचित व्यक्तियों के हितों के लिए लड़ना है। अपने घोषित सिद्धांतों और नीतियों से समझौता किए बिना हम चुनावों को जीतने के लिए अन्य पार्टियों के साथ गठबंधन करेंगे।

अनेक बार यह प्रश्न पूछा जाता है कि मैंने अस्पृश्यों के हितों के मामलों को एक तरफ करते हुए अन्य व्यक्तियों के साथ कार्य करना क्यों चुना है। इस संबंध में मैं यह कहना चाहूंगा कि प्रस्तावित विधान सभा में नए संविधान के अनुसार चुने जाने वाले 175 सदस्य होंगे। इन 175 प्रतिनिधियों में से 15 अस्पृश्यों में से होंगे। इन 15 सदस्यों के लिए प्रभावशाली ढंग से कार्य कर पाना संभव नहीं है। इसीलिए हमारी सहायता के लिए बड़ी संख्या में व्यक्तियों का होना बहुत आवश्यक है। वे समान विचारों और सिद्धांतों वाले मित्र होने चाहिए। ऐसे गैर- अस्पृश्य, जिन्होंने अपने स्वयं के हितों का बलिदान करते हुए हमारे लिए हमारे साथ मिलकर लड़ाई लड़ी है और निष्ठा के साथ हमारी सहायता की है, उन्हें चुनाव लड़ने के लिए हमारी पार्टी (आईएलपी) के उम्मीदवार के रूप में हमारे द्वारा अपनाया जाना चाहिए। और इसलिए इस समय हमें अपना समय में व्यर्थ नहीं गंवाना चाहिए। अपनी पार्टी का लक्ष्य प्राप्त करने के लिए हमें चुगली छोटी-मोटी लड़ाइयों, व्यर्थ के क्रियाकलापों और विचार-विमर्शों को एकतरफ रख देना चाहिए। यदि आप सही ढंग से पार्टी के सिद्धांतों और इसकी भावना का अनुसरण करते हैं और इसे सफल करने के लिए निष्ठापूर्वक कार्य करते हैं तो मैं जो कुछ भी अपने साथियों के लिए प्राप्त करने में सक्षम हो पाया हूं वह आगे और भी सुदृढ़ होता जाएगा।

यदि मैं विधान सभा चुनावों में सफल नहीं होता हूं तो यह कोई बहुत बड़ी हानि नहीं होगी। लेकिन कुछ भी हो आपको ‘जी’ वार्ड से श्री कलोखे को अपने उम्मीदवार के रूप में जिताना है। यह हमारे लिए प्रतिष्ठा का प्रश्न है।

इस समय मांग और महारों के बीच भदे - भाव न करें जातिगत संकीर्ण सोच को भी कोई महत्व न दें। हम सब एक हैं और एकता की इस सच्ची भावना को हमें हमेशा अपने दिमाग में रखना है।

अब मैं एक अन्य महत्वपूर्ण मामले पर बोलने जा रहा हूं। मैंने अपने उम्मीदवारों में से अधिकांश महार समुदाय से लिए हैं और अन्य जातियों से अधिक उम्मीदवार नहीं लिए हैं। अगर स्पष्ट शब्दों में कहा जाए तो इस समय ऐसा करने के कारणों के संबंध में विस्तार से जानने की कोशिश करना बुद्धिमत्तापूर्ण न होगा।

लेकिन जिन्होंने तथाकथित नेशनलिस्ट हरिजन पार्टी की स्थापना की है, उन्होंने

मेरे विरुद्ध यह आरोप लगाया है और इस मुद्दे को तूल दिया है। इस आरोप का खंडन किया जाना है और उन्हें एक उपयुक्त जवाब भी दिया जाना है। मैंने इन तथाकथित नेशनलिस्ट ‘हरिजनों के संगठन के

“Equality and Justice”
“Equality and Justice” Rs. 100/month
स्वतंत्रता, समानता, भाईचारा

लिए एक नाम चुना है। मैं उन्हें ‘ले भग्गू’ उठाईगीर अथवा सामान उठाकर भागने वाले चोर कहता हूं।

मैंने विशेष रूप से किसी के चमार जाति का सदस्य होने के कारण उसे पार्टी से निकाला अथवा अलग नहीं किया है। वे जो भी सोचना चाहते हैं वैसा सोचने के लिए स्वतंत्र हैं। इस बात से मुझ पर कोई बहुत अधिक प्रभाव नहीं पड़ता है। इन ‘हरिजनों को आने वाले विधान सभा चुनाव में उम्मीदवार के रूप में न चुनने के कारणों में मुख्यतः इन लोगों की ‘उठाने और भाग जाने की आदत थी जो उन्हें शामिल न किए जाने की उत्तरदायी है। वे भीख मांगने के लिए भिखारियों की तरह कहीं भी जा सकते हैं। उनके मन में सिद्धांतों, पार्टी के अनुशासन और विचारधाराओं के लिए कोई सम्मान नहीं है। ‘छीनना’, ‘अपने कब्जे में करना और ‘ले भागना के सिद्धांत के साथ वे जैसे भी अपनी जीवनचर्या चला सकते हैं वही उनका एकमात्र सिद्धांत है।

हमने महाड सत्याग्रह प्रारंभ किया था। हमने आत्मसम्मान और आत्मनिर्भरता के लिए यह आंदोलन प्रारंभ किया था। हमने नासिक में एक और संघर्ष भी प्रारंभ किया था। बहुत पहले की बात नहीं है, पूना समझौते पर हस्ताक्षर किए जाने के पहले, जिसने हमारे जीवन को असमंजस में डाल दिया था, हमने अपने अधिकारों और राजनैतिक सुरक्षा के लिए गांधी के विरुद्ध लड़ाई भी लड़ी थी। ये तथाकथित ‘राष्ट्रवादी हरिजन’ आराम से हमारे दुश्मनों के शिविरों में जा बैठे। अब यदि ये धोखेबाज हमारी सफलता, • जिसके लिए उन्होंने न तो कोई संघर्ष किया और न ही हमारे साथ कोई सहयोग किया, में हिस्सा चाहते हैं तो हमें ऐसे लोगों के प्रति अब दया क्यों दिखानी चाहिए? मैं ऐसे लोगों की आलोचना की कोई परवाह नहीं करता जिन्होंने चमगादड़ों के समान जीवन बिताने को चुना है। यही नहीं, पूना समझौते के पहले जब गांधीजी ने अपने जीवन को जोखिम में डाल दिया था, उस समय यही लोग थे जो गांधीजी के पक्ष के समर्थन में उठ खड़े हुए और यह घोषित किया कि वे गांधीजी के जीवन को बचाने के लिए दलित वर्गों के लिए सीटों का कोई आरक्षण नहीं चाहते। इसके पश्चात इन लोगों को उन सीटों में हिस्सा मांगने का क्या हक है जो हमने अपने संघर्ष के माध्यम से जीती हैं। इन तथाकथित राष्ट्रीय हरिजनों के मुख्य नेता श्री नारायण काजरोलकर एक दिन डॉ. सावरकर की श्रेणी में बैठे हुए पाए जाएंगे। श्री पी. बालू, श्री बल्लभभाई पटेल जैसे ‘देशभक्तों के शिविर में एक सीट के लिए संघर्ष करते हुए मिलेंगे।

**लेख का शेष भाग कल....**

“समानता और न्याय”
पटियाला 31 जुलाई
INTERNATIONAL PAPER, 9463601616
hardipchumber57@gmail.com

# हिंदू समाज की आधार - शिला

बाबा साहेब कहते हैं

**श्रृंखलावार भाग नंबर 12**

## कल के लेख, हिंदू समाज की आधार - शिला. का शेष भाग

बुद्ध क्षत्रिय थे। उनका गोत्र उच्च था। वह राज परिवार के थे। वह अपनी जात में पहले व्यक्ति नहीं थे, जिसने ब्राह्मणों के आधिपत्य का विरोध किया था। बुद्ध से सदियों पूर्व विश्वामित्र को भी, जो बुद्ध की भांति क्षत्रिय जाति के थे, ब्राह्मणों के एकाधिकार के विरुद्ध संघर्ष करना पड़ा था। लेकिन उस प्राचीन काल में ब्राह्मणों की स्थिति अजेय नहीं थी और विश्वामित्र ने क्षत्रिय होने पर भी संघर्ष करके स्वयं अपने तथा अपने परिवार के लिए वे अधिकार प्राप्त किए जो उससे पूर्व केवल ब्राह्मण जाति की ही बपौती थे। ब्राह्मण ग्रंथों में विदेह राजा जनक की कथा दी गई है। उन्होंने भी ब्राह्मणों के परंपरागत अधिकार को स्वीकार नहीं किया और पुरोहितों की मध्यस्था के बिना यज्ञ करने के अपने अधिकार पर आग्रह किया था। इन दो व्यक्तियों तथा बुद्ध के व्यक्तिगत आचरण में कितना भी महान अंतर क्यों न रहा हो, पर उनके विरोध का मुख्य सिद्धांत तो एक जैसा था। वे स्वार्थी पुरोहित वर्ग के एकाधिकार के विरुद्ध समान रूप से संघर्ष कर रहे थे।

लेकिन जहां विश्वामित्र ने केवल अपने समूचे जाति-वंश और अपने परिवार के अधिकारों के लिए संघर्ष किया था और ज्यों ही उन्हें पौरोहित्य का अधिकार मिल गया। वे संतुष्ट हो गए थे और जहां जनक, याज्ञवल्क्य और अन्य ब्राह्मणों से सत्कार मिलने मात्र से संतुष्ट हो गए थे, वहां उनके बाद होने वाले सुधारकों को लगता है कि ऐसी कोई सफलता नहीं मिली और वे परास्त होकर ब्राह्मणों के पक्षधर हो गए, तथापि लोगों के मन में असंतोष पनपते रहे। भारत के इतिहास में एक काला अध्याय मिलता है। बताया गया है कि परशुराम ने सभी क्षत्रियों का विनाश कर दिया। यह ब्राह्मणों की वर्चस्वता का श्रीगणेश था। जहां तक हम भारत के इतिहास और उसकी परंपराओं को जानते हैं, भले ही लगता हो कि ब्राह्मणों ने कभी भी राजसत्ता की कामना नहीं की, लेकिन उनकी जाति वास्तव में सदा ही शासक जाति रही। उनकी पुरोहिताई को दैवी अनुकंपा प्राप्त करने का एकमात्र साधन होने का गौरव प्रदान किया गया, उनके सिद्धांतों को अकाट्य माना गया, उनके देवी-देवताओं को सच्चे देवी-देवता माना गया और उनकी वाणी इतनी सशक्त समझी गई कि वह ऋषियों की सीधी-सादी अभिव्यक्तियों और ब्राह्मण लेखकों की बेतुकी रचनाओं को दैवी कहकर प्रमाणित करने लगी। लेकिन इसके बाद ब्राह्मणवाद का ह्रास होने लगा। किसी अन्य देश की भांति भारत में भी लोग सत्य पर अपना एकाधिकार घोषित करने वाले के आगे घुटने क्यों टेकते और उन्हीं लाखों लोगों ने, जो बड़े धीरज के साथ राजनीतिक तानाशाही का बोझ ढो रहे थे, बौद्धिक बर्बरता की बेड़ियों के बंधन को तोड़कर फेंक दिया। विश्व के एक प्राचीनतम धर्म का जुआ उतार कर फेंकने के लिए यह पर्याप्त था कि कोई एक व्यक्ति पृथ्वी के देवताओं (भूदेव) की सत्ता को चुनौती दे और ईश्वर के घृणित तथा पददलित प्राणियों के बीच इस सहज सत्य का प्रचार करे कि पुरोहितों की पुरोहिताई और उन ग्रंथों में आस्था रखे बगैर भी मोक्ष संभव है, जिन्हें इन्हीं पुरोहितों ने श्रुति की संज्ञा दी है। यह व्यक्ति था ‘बुद्ध’, एक शाक्य मुनि। अब यदि हम देखें कि किस प्रकार बुद्ध के सिद्धांतों का प्रतिकार ब्राह्मणों ने किया है, तो यह सच है कि यत्र तत्र अपनी दार्शनिक रचनाओं में उन्होंने तर्क की दुहाई देकर उनकी कुछ तात्विक सूक्तियों का प्रतिकार करने का प्रयास किया है, जैसे इसी प्रकार का एक प्रयास वेदांत सूत्रों पर अपनी टिप्पणी में वाचस्पति मिश्र ने किया है। बुद्ध के इन सिद्धांतों पर कि ‘अस्ति’ और ‘नास्ति’ आदि जैसी धारणाएं, विवाद योग्य नहीं हैं, टिप्पणी करते हुए वाचस्पति कहते हैं कि इन धारणाओं की चर्चा में ही उनकी संकल्पना की संभावना निहित है। इतना ही नहीं, इस बात को दृढ़ता से कहने में कि तर्क उन्हें स्वीकार नहीं करता, यह निहित है कि वे यथार्थ में तर्कपरक हैं और यह सिद्ध होता है कि मन ‘नास्ति’ से विपरीत ‘अस्ति’ की कल्पना कर सकता है।

**लेख का शेष भाग कल....**

# राकेश टिकैत की बृजेश पाठक से मुलाकात और तारीफ मायावती की ... आखिर यूपी में क्या कुछ चल रहा?

"समानता और न्याय"
पटियाला 31 जुलाई
INTERNATIONAL PAPER, 94636 01616
hardipchumber57@gmail.com



किसान नेता राकेश टिकैत लखनऊ में बृजेश पाठक से मुलाकात करते हैं और सोशल मीडिया में फोटो भी शेयर करते हैं, लेकिन सुल्तानपुर जैसे ही पहुंचे, उनके तेवर बदल गए. बसपा प्रमुख मायावती को यूपी की नंबर वन मुख्यमंत्री बता दिया. यूपी में 2027 के चुनाव पहले क्या दांव चला जा रहा है?

उत्तर प्रदेश में 2027 में विधानसभा चुनाव होने हैं, लेकिन राजनीतिक दल अभी से ही अपनी जमीन तैयार में जुट गए हैं. चुनावी जंग फतह कर सत्ता की हैट्रिक बनाने के लिए बीजेपी हर रोज नए सियासी समीकरण साधने में लगी हुई है. पश्चिमी यूपी की राजनीति के धुरी माने जाने वाले किसान नेता राकेश टिकैत योगी सरकार के डिप्टी सीएम बृजेश पाठक से मुलाकात करते हैं, लेकिन तारीफ बसपा प्रमुख मायावती के करते हुए नजर आते हैं. ऐसे में सवाल उठता है कि आखिर यूपी की सियासत में चल क्या रहा है?

भारतीय किसान यूनियन के नेता राकेश टिकैत ने मंगलवार को लखनऊ में उपमुख्यमंत्री बृजेश पाठक से मुलाकात की. इस दौरान राकेश टिकैत ने डिप्टी सीएम के सामने किसानों से जुड़े मुद्दे उठाए हैं तो बृजेश पाठक ने मुलाकात का फोटो शेयर करते हुए अपना-अपना पक्ष रखा. इसे शिष्टाचार भेंट भले ही बताई जा रही हो, लेकिन दोनों नेताओं के बीच काफी देर तक चली बैठक के सियासी मायने निकाले जा रहे हैं.

राकेश टिकैत ने कहा कि उपमुख्यमंत्री से मुलाकात के दौरान किसानों और जनहित से जुड़े मुद्दों पर चर्चा हुई. वहीं, ब्रजेश पाठक ने टिकैत से मुलाकात को सौहार्दपूर्ण बताते हुए कहा कि भारतीय किसान युनियन के वरिष्ठ नेता से कुशलक्षेम जाना. पाठक और टिकैत की मुलाकात ऐसे समय में हुई है, जब उत्तर प्रदेश में अगले साल होने वाले पंचायत चुनावों की तैयारियां जोरों पर हैं और 2027 के विधानसभा चुनाव की हलचल तेज हो गई है.

# ਪੰਜਾਬ ਦਾ ਇਹ ਕਸਬਾ ਪੰਜਾਬੀ ਜੁੱਤੀ ਦਾ ਗੜ੍ਹ ਕਿਵੇਂ ਬਣਿਆ ਤੇ ਇਸ ਦਾ ਪਾਕਿਸਤਾਨ ਦੇ ਕਸੂਰ ਨਾਲ ਕੀ ਸਬੰਧ ਹੈ



"समानता और न्याय"
पटियाला 31 जुलाई
INTERNATIONAL PAPER, 94636 01616
hardipchumber57@gmail.com

ਬਰੇਟੇ ਵਿੱਚ ਦਿਆਲਪੁਰਾ ਰੋਡ ਉੱਤੇ ਵੱਸੇ ਮੁਹੱਲੇ ਦਾ ਸ਼ਾਇਦ ਹੀ ਕੋਈ ਘਰ ਅਜਿਹਾ ਹੋਵੇਗਾ, ਜਿੱਥੇ ਕੋਈ ਸੁਆਣੀ ਹੱਥ ਵਿੱਚ ਸੂਆ, ਸੂਤ ਦਾ ਧਾਗਾ ਅਤੇ ਚਮੜੇ ਦੇ ਤਲੇ ਫੜੀ ਨਜ਼ਰ ਨਾ ਆਉਂਦੀ ਹੋਵੇ।

ਦਰਅਸਲ ਦਿਆਲਪੁਰਾ ਰੋਡ ਮੁਹੱਲੇ ਦੇ ਨਾਮ ਨਾਲ ਜਾਂਦੇ ਇਸ ਰਿਹਾਇਸ਼ੀ ਏਰੀਏ ਵਿੱਚ ਘਰ ਸਾਂਭਣ ਵਾਲੀ ਲਗਭਗ ਹਰ ਔਰਤ ਪੰਜਾਬੀ ਜੁੱਤੀ ਦੀ ਸਿਲਾਈ ਦਾ ਕੰਮ ਕਰਦੀ ਹੈ। ਉਹ ਜੁੱਤੀ ਦੇ ਤਲੇ ਨੂੰ ਜੁੱਤੀ ਦੇ ਉਪਰਲੇ ਨਾਲ ਸਿਉਂਦੀਆਂ ਹਨ, ਜਿਸ ਮਗਰੋਂ ਪੰਜਾਬੀ ਜੁੱਤੀ ਪੂਰੀ ਤਰ੍ਹਾਂ ਤਿਆਰ ਹੋ ਜਾਂਦੀ ਹੈ।

ਆਪਣੇ ਘਰ ਵਾਲਿਆਂ ਨੂੰ ਦਿਹਾੜੀ ਜਾਂ ਕੰਮ-ਕਾਰਾਂ, ਬੱਚਿਆਂ ਨੂੰ ਸਕੂਲਾਂ ਵੱਲ ਤੋਰ ਕੇ ਅਤੇ ਚੁੱਲ੍ਹਾ ਚੌਂਕਾਂ ਸਾਂਭ ਕੇ ਘਰੇਲੂ ਔਰਤਾਂ ਪੂਰਾ ਦਿਨ ਇਹੀ ਕੰਮ ਕਰਦੀਆਂ ਹਨ।

ਬੁਢਲਾਡਾ-ਜਾਖ਼ਲ ਰੋਡ ਉੱਤੇ ਵੱਸਿਆ ਬਰੇਟਾ ਇੱਕ ਮਾਨਸਾ ਜ਼ਿਲ੍ਹੇ ਦੀ ਸਬ ਤਹਿਸੀਲ ਹੈ। ਇਹ ਛੋਟਾ ਜਿਹਾ ਸ਼ਹਿਰ ਪੰਜਾਬੀ ਜੁੱਤੀ ਦੇ ਨਿਰਮਾਣ ਲਈ ਜਾਣਿਆ ਜਾਂਦਾ ਹੈ। ਇੱਥੋਂ ਦੇ ਵਸਨੀਕਾਂ ਦਾ ਇਹ ਪਿਤਾ ਪੁਰਖੀ ਕਿੱਤਾ ਹੈ, ਜੋ ਪੀੜ੍ਹੀ ਦਰ ਪੀੜ੍ਹੀ ਚੱਲਿਆ ਆ ਰਿਹਾ ਹੈ।

ਛੋਟੇ ਪੱਧਰ ਉੱਤੇ ਦਰਜਨਾਂ ਪਰਿਵਾਰ ਕਈ ਸਾਲਾਂ ਤੋਂ ਪੰਜਾਬੀ ਜੁੱਤੀਆਂ ਬਣਾਉਣ ਦਾ ਕੰਮ ਕਰਦੇ ਆ ਰਹੇ ਹਨ। ਇਹ ਘਰੇਲੂ ਔਰਤਾਂ ਵਾਸਤੇ ਰੁਜ਼ਗਾਰ ਦਾ ਸਾਧਨ ਬਣਿਆ ਹੋਇਆ ਹੈ।

ਉਨ੍ਹਾਂ ਨੂੰ ਇਸ ਕੰਮ ਵਾਸਤੇ ਘਰ ਤੋਂ ਬਾਹਰ ਨਹੀਂ ਜਾਣਾ ਪੈਂਦਾ ਅਤੇ ਉਹ ਘਰ ਬੈਠੀਆਂ ਹੀ ਆਪਣੇ ਪਰਿਵਾਰ ਨੂੰ ਸਾਂਭਣ ਦੇ ਨਾਲ-ਨਾਲ ਜੁੱਤੀਆਂ ਦੀ ਸਿਲਾਈ ਦਾ ਕੰਮ ਕਰ ਲੈਂਦੀਆਂ ਹਨ।

**ਸੁਆਣੀਆਂ ਦੀ ਜ਼ਿੰਦਗੀ ਵਿੱਚ ਕੀ ਫ਼ਰਕ ਪਿਆ**

28 ਸਾਲਾ ਪੂਜਾ ਦੇ ਪਤੀ ਇੱਕ ਯੂਰਪੀਅਨ ਮੁਲਕ ਵਿੱਚ ਮਜ਼ਦੂਰੀ ਕਰਦੇ ਹਨ। ਆਪਣੇ ਪਤੀ ਦੀ ਗ਼ੈਰ-ਮੌਜੂਦਗੀ ਵਿੱਚ ਘਰ, ਪਰਿਵਾਰ ਅਤੇ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਪੂਜਾ ਦੇ ਮੋਢਿਆਂ ਉੱਤੇ ਹੈ।

ਘਰ ਦੇ ਖ਼ਰਚਿਆਂ ਵਿੱਚ ਯੋਗਦਾਨ ਦੇਣ ਵਾਸਤੇ ਉਹ ਰੋਜ਼ਾਨਾ ਦੇ ਕੰਮਕਾਜਾਂ ਤੋਂ ਵਿਹਲੀ ਹੋ ਕੇ ਜੁੱਤੀ ਦੀ ਸਿਲਾਈ ਵਿੱਚ ਜੁੱਟ ਜਾਂਦੀ ਹੈ।

ਉਹ ਕਹਿੰਦੀ ਹੈ, "ਮੇਰੇ ਕੋਲ ਵਿਹਲਾ ਸਮਾਂ ਹੁੰਦਾ ਹੈ। ਇਸ ਲਈ ਮੈਂ ਜੁੱਤੀ ਦੀ ਸਿਲਾਈ ਦਾ ਕੰਮ ਕਰ ਲੈਂਦੀ ਹਾਂ। ਇਸ ਨਾਲ ਬੱਚਿਆਂ ਦੀ ਪੜ੍ਹਾਈ ਅਤੇ ਘਰ ਦੇ ਖ਼ਰਚੇ ਵਿੱਚ ਸਹਿਯੋਗ ਮਿਲ ਜਾਂਦਾ ਹੈ। ਬੱਚੇ ਦੀ ਭਵਿੱਖ ਵਾਸਤੇ ਬੱਚਤ ਵੀ ਹੋ ਜਾਂਦੀ ਹੈ।"

ਉਹ ਇਹ ਵੀ ਕਹਿੰਦੀ ਹੈ ਕਿ ਉਸ ਨੂੰ ਵਿੱਤੀ ਆਜ਼ਾਦੀ ਵੀ ਮਿਲਦੀ ਹੈ।

"ਪੈਸੇ ਮੰਗਣ ਵਾਸਤੇ ਕਿਸੇ ਵੱਲ ਦੇਖਣਾ ਨਹੀਂ ਪੈਂਦਾ। ਖ਼ੁਦ ਦੇ ਕਮਾਏ ਪੈਸੇ ਮੈਂ ਖ਼ੁਦ ਹੀ ਖਰਚ ਸਕਦੀ ਹਾਂ।"

ਇੱਥੋਂ ਦੀ ਹੀ ਰਹਿਣ ਵਾਲੀ ਸੋਨੀ ਕਹਿੰਦੀ ਹੈ, "ਮੈਂ ਪਿਛਲੇ 10-12 ਸਾਲਾਂ ਤੋਂ ਜੁੱਤੀਆਂ ਦੀ ਸਿਲਾਈ ਕਰ ਰਹੀ ਹਾਂ। ਜੁੱਤੀਆਂ ਦੀ ਸਿਲਾਈ ਤੋਂ ਉਹ ਘਰ ਦਾ ਖ਼ਰਚਾ ਕੱਢ ਲੈਂਦੀ ਹੈ। ਘਰ ਬੈਠੇ ਹੀ ਕੰਮ ਮਿਲ ਜਾਂਦਾ। ਬਾਹਰ ਨਹੀਂ ਜਾਣਾ ਪੈਂਦਾ।"

"ਜੇ ਇਹ ਕੰਮ ਨਾ ਹੁੰਦਾ ਤਾਂ ਬਾਹਰ ਮਜ਼ਦੂਰੀ ਕਰਨ ਜਾਣਾ ਪੈਂਦਾ ਅਤੇ ਮਜ਼ਦੂਰੀ ਤਾਂ ਹੋਣੀ ਵੀ ਨਹੀਂ ਸੀ ਕਿਉਂਕਿ ਬੱਚਿਆਂ ਨੂੰ ਸਾਂਭਣ ਪੈਂਦਾ ਹੈ। ਹੁਣ ਮੈਂ ਆਪ ਕਮਾਉਂਦੀ ਹਾਂ ਅਤੇ ਆਪਣੀ ਮਿਹਨਤ ਨਾਲ ਖਾਂਦੀ ਹਾਂ।"

**ਬਰੇਟੇ ਦਾ ਪਾਕਿਸਤਾਨ ਦੇ ਕਸੂਰ ਨਾਲ ਕੀ ਸਬੰਧ**

ਪੰਜਾਬੀ ਜੁੱਤੀ ਦੇ ਨਿਰਮਾਣ ਦਾ ਪੀੜ੍ਹੀ ਦਰ ਪੀੜ੍ਹੀ ਕੰਮ ਕਰਨ ਵਾਲੇ ਪਰਿਵਾਰਾਂ ਮੁਤਾਬਕ ਬਰੇਟੇ ਵਿੱਚ ਬਣਦੀ ਜੁੱਤੀਆਂ ਦੀਆਂ ਜੜ੍ਹਾਂ ਪਾਕਿਸਤਾਨ ਦੇ ਪੰਜਾਬ ਸੂਬੇ ਦੇ ਸ਼ਹਿਰ ਕਸੂਰ ਨਾਲ ਹੈ।

ਕਸੂਰ ਸ਼ਹਿਰ ਪੰਜਾਬੀ ਜੁੱਤੀ ਦੀ ਨਿਰਮਾਣ ਵਾਸਤੇ ਪ੍ਰਸਿੱਧ ਹੈ। ਕਈ ਗੀਤਾਂ ਵਿੱਚ ਕਸੂਰ ਦੀ ਪੰਜਾਬੀ ਜੁੱਤੀ ਦੀ ਜ਼ਿਕਰ ਆਉਂਦਾ ਹੈ। ਇਹਨਾਂ ਪਰਿਵਾਰਾਂ ਮੁਤਾਬਕ ਦੇਸ਼ ਦੀ ਵੰਡ ਮਗਰੋਂ ਇਹਨਾਂ ਦੇ ਪੁਰਖੇ ਬਰੇਟੇ ਆ ਕੇ ਵੱਸੇ ਸਨ। ਪਹਿਲਾਂ ਉਹ ਕਸੂਰ ਵਿੱਚ ਪੰਜਾਬੀ ਜੁੱਤੀ ਦਾ ਨਿਰਮਾਣ ਕਰਦੇ ਸੀ ਅਤੇ ਫਿਰ ਉਨ੍ਹਾਂ ਨੇ ਬਰੇਟਾ ਵਿੱਚ ਇਹ ਕੰਮ ਸ਼ੁਰੂ ਕੀਤਾ।

ਬਰੇਟਾ ਦਾ ਵਸਨੀਕ ਤਾਰਾ ਚੰਦ ਦੱਸਦੇ ਹਨ ਕੀ ਉਨ੍ਹਾਂ ਦੇ ਪਿਤਾ, ਪਰਿਵਾਰ ਦੇ ਕਈ ਹੋਰ ਮੈਂਬਰ ਅਤੇ ਕੁਝ ਹੋਰ ਲੋਕ ਕਸੂਰ ਤੋਂ ਬਰੇਟਾ ਆਏ ਸੀ। ਇੱਥੇ ਆ ਕੇ ਉਨ੍ਹਾਂ ਪੰਜਾਬੀ ਜੁੱਤੀ ਬਣਾਉਣ ਦਾ ਕੰਮ ਸ਼ੁਰੂ ਕੀਤਾ ਸੀ।

ਉਹ ਦੱਸਦੇ ਹਨ, "ਸਾਡੇ ਪਰਿਵਾਰ ਰਾਜਸਥਾਨ ਤੋਂ ਕਸੂਰ ਗਿਆ ਸੀ। ਉੱਥੇ ਮੇਰੇ ਪਿਤਾ ਪੰਜਾਬੀ ਜੁੱਤੀ ਦਾ ਕੰਮ ਕਰਦੇ ਸੀ। ਦੇਸ਼ ਦੀ ਵੰਡ ਹੋਣ ਮਗਰੋਂ ਪਹਿਲਾਂ ਉਹ ਅੰਮ੍ਰਿਤਸਰ, ਫਿਰ ਸੰਗਰੂਰ ਅਤੇ ਅਖ਼ੀਰ ਬਰੇਟਾ ਆ ਗਏ। ਇੱਥੇ ਪਹੁੰਚ ਕੇ ਉਨ੍ਹਾਂ ਨੇ ਮਰਦਾਂ ਵਾਸਤੇ ਪੰਜਾਬੀ ਜੁੱਤੀ ਦਾ ਕੰਮ ਸ਼ੁਰੂ ਕੀਤਾ ਸੀ।

ਬਰੇਟੇ ਦੇ ਵਸਨੀਕ ਤਾਰਾ ਚੰਦ ਨੇ ਪੰਜਾਬੀ ਜੁੱਤੀ ਦੇ ਨਿਰਮਾਣ ਦਾ ਕਿੱਤਾ ਆਪਣੇ ਪਿਉ ਤੋਂ ਸਾਂਭਿਆ ਸੀ ਅਤੇ ਹੁਣ ਉਨ੍ਹਾਂ ਦੇ ਪੁੱਤਰ ਸੰਨੀ ਕੁਮਾਰ ਇਸ ਰਵਾਇਤੀ ਨੂੰ ਜਾਰੀ ਰੱਖ ਰਹੇ ਹਨ।

ਸੰਨੀ ਕੁਮਾਰ ਦੱਸਦੇ ਹਰ ਕਿ ਪਹਿਲਾਂ ਉਨ੍ਹਾਂ ਦੇ ਦਾਦਾ ਜੀ ਪੰਜਾਬੀ ਜੁੱਤੀ ਬਣਾਉਣ ਦਾ ਕੰਮ ਕਰਦੇ ਸੀ, ਫਿਰ ਉਨ੍ਹਾਂ ਦੇ ਪਿਤਾ ਕਰਨ ਲੱਗ ਪਏ ਅਤੇ ਅੱਜਕੱਲ੍ਹ ਉਨ੍ਹਾਂ ਨੇ ਕੰਮ ਸਾਂਭਿਆ ਹੋਇਆ ਹੈ।

**ਔਰਤਾਂ ਵਾਸਤੇ ਰੁਜ਼ਗਾਰ ਦਾ ਸਾਧਨ ਕਿਵੇਂ ਬਣਿਆ**

ਸੰਨੀ ਕੁਮਾਰ ਦੱਸਦੇ ਹਨ ਕਿ ਪੰਜਾਬੀ ਜੁੱਤੀ ਪੂਰੀ ਤਰ੍ਹਾਂ ਤਿਆਰ ਹੋਣ ਤੋਂ ਪਹਿਲਾਂ ਕਈ ਪੜਾਵਾਂ ਵਿੱਚੋਂ ਲੰਘਦੀ ਹੈ ਅਤੇ ਤਲੇ ਦੀ ਜੁੱਤੀ ਦੇ ਉਪਰੇ ਹਿੱਸੇ ਨਾਲ ਜੋੜਨ ਵਾਸਤੇ ਸਿਲਾਈ ਵੀ ਉਨ੍ਹਾਂ ਵਿੱਚੋਂ ਇੱਕ ਪੜਾਅ ਹੈ।

ਸੰਨੀ ਕੁਮਾਰ ਦੇ ਪਰਿਵਾਰ ਵਰਗੇ ਹੋਰ ਜਿਹੜੇ ਪਰਿਵਾਰ ਜੁੱਤੀ ਦਾ ਨਿਰਮਾਣ ਕਰਦੇ ਹਨ, ਉਹ ਜੁੱਤੀ ਦੀ ਸਿਲਾਈ ਦਾ ਕੰਮ ਘਰੇਲੂ ਔਰਤਾਂ ਨੂੰ ਦਿੰਦੇ ਹਨ।

ਉਹ ਦੱਸਦੇ ਹਨ, "ਔਰਤਾਂ ਸਿਲਾਈ ਦਾ ਕੰਮ ਕਰਦੀਆਂ ਹਨ। ਔਰਤਾਂ ਜਦੋਂ ਆਪਣਾ ਕੰਮ ਕਰ ਕੇ ਕੁਝ ਘੰਟੇ ਵਿਹਲੀਆਂ ਹੁੰਦੀਆਂ ਹਨ ਤਾਂ ਉਹ ਇਸ ਵਿਹਲੇ ਸਮੇਂ ਵਿੱਚ ਜੁੱਤੀ ਦੀ ਸਿਲਾਈ ਦਾ ਕੰਮ ਕਰਦੀ ਹਨ। ਉਹ ਦਿਨ ਵਿੱਚ ਜਿੰਨੀਆਂ ਜੁੱਤੀਆਂ ਦੀ ਸਿਲਾਈ ਦਾ ਕੰਮ ਕਰਦੀਆਂ ਹਨ, ਉਨ੍ਹਾਂ ਨੂੰ ਉਸ ਮੁਤਾਬਕ ਮਿਹਨਤਾਨਾ ਮਿਲ ਜਾਂਦਾ ਹੈ।"

**ਮਰਦਾਨਾ ਪੰਜਾਬੀ ਜੁੱਤੀ ਦੀ ਮੰਗ ਘਟੀ**

ਤਾਰਾ ਚੰਦ ਦੱਸਦੇ ਹਨ ਕਿ ਹੁਣ ਉਹ ਜ਼ਿਆਦਾਤਰ ਔਰਤਾਂ ਵਾਸਤੇ ਹੀ ਪੰਜਾਬੀ ਜੁੱਤੀ ਬਣਾਉਂਦੇ ਹਨ। ਮਰਦਾਨਾ ਜੁੱਤੀਆਂ ਉਹ ਬਹੁਤ ਘੱਟ ਗਿਣਤੀ ਵਿੱਚ ਬਣਾਉਂਦੇ ਹਨ।

"ਪਹਿਲਾਂ ਅਸੀਂ ਮਰਦਾਨਾ ਜੁੱਤੀਆਂ ਬਣਾਉਂਦੇ ਸੀ। ਪਰ ਪਿਛਲੇ ਕਈ ਸਾਲਾਂ ਤੋਂ ਅਸੀਂ ਔਰਤਾਂ ਵਾਸਤੇ ਜੁੱਤੀਆਂ ਬਣਾ ਰਹੇ ਹਾਂ।"

ਸੰਨੀ ਕੁਮਾਰ ਕਹਿੰਦੇ ਹਨ, "ਮਰਦ ਸਿਰਫ਼ ਕੁੜਤੇ-ਪਜਾਮੇ ਨਾਲ ਜੁੱਤੀਆਂ ਪਹਿਨਦੇ ਹਨ ਜਦਕਿ ਔਰਤਾਂ ਹਰ ਸੂਟ ਨਾਲ ਜੁੱਤੀ ਪਹਿਨਦੀਆਂ ਹਨ। ਔਰਤਾਂ ਸੂਟ ਦੇ ਰੰਗਾਂ ਮੁਤਾਬਕ ਵੀ ਜੁੱਤੀ ਲੈਂਦੀਆਂ ਹਨ। ਇਸ ਵਾਸਤੇ ਮਰਦਾਨਾ ਜੁੱਤੀ ਦੀ ਮੰਗ ਘੱਟ ਹੈ।"

# सरकारों ने शहीदों की सिर्फ़ तस्वीरों का इस्तेमाल किया, उनके सपने पूरे नहीं किए - बंगा/चौधरी

"समानता और न्याय"
पटियाला 31 जुलाई
INTERNATIONAL PAPER, 94636 01616
hardipchumber57@gmail.com



फगवाड़ा 31 जुलाई (शिव कौड़ा) बहुजन समाज के गौरव राष्ट्रीय शहीद उधम सिंह जी की 85वीं पुण्यतिथि पर गाँव कटारिया स्थित शहीद उधम सिंह पार्क में बसपा पंजाब महासचिव प्रवीण बंगा ज़ोन इंचार्ज लुधियाना के नेतृत्व में बहुजन समाज पार्टी के नेतृत्व और क्षेत्रवासियों ने उनकी प्रतिमा पर श्रद्धासुमन अर्पित किए। इस अवसर पर प्रवीण बंगा के अलावा बसपा पंजाब समन्वयक श्री गुरनाम चौधरी, बंगा विधानसभा क्षेत्र के अध्यक्ष मास्टर सतपाल रतनदा, वरिष्ठ नेता अजीत राम गुणाचौर, महिंदर पाल पटवारी, ज़िला युवा नेता कुलदीप बेहराम भी पहुंचे। बसपा नेता गुरनाम सिंह और प्रवीण बंगा ने शहीद उधम सिंह जी को श्रद्धांजलि अर्पित करते हुए कहा कि उधम सिंह जी ने 20 साल बाद लंदन में जनरल डायर को मारकर जिल्लियाँ वाले बाग़ के निहत्थे पंजाबियों के खूनी नरसंहार का बदला लिया। उन्होंने देश को आजाद कराने के लिए हंसते-हंसते फांसी की रस्सी को चूम लिया, लेकिन देश की आजादी के 78 साल बाद भी समय की सरकारों ने शहीदों को उचित सम्मान नहीं दिया और न ही शहीदों के सपनों को साकार किया, केवल शहीदों की तस्वीरों का इस्तेमाल किया गया है और शहीदों के सपनों का हनन किया जा रहा है। बसपा नेता प्रवीण बंगा ने कहा कि देश के सबसे बड़े राज्य उत्तर प्रदेश में जब 1995 में पहली बार बहन कुमारी मायावती जी के नेतृत्व में बसपा की सरकार बनी तो शहीद उधम सिंह जी के नाम पर जिला बनाकर उन्हें उचित सम्मान देकर इतिहास रचा गया। बसपा द्वारा शुरू की गई पंजाब संभालो मुहिम का समर्थन करने की अपील की ताकि शहीदों के सपनों को साकार किया जा सके। इस अवसर पर बंगा हलका अध्यक्ष सतपाल रटैंडा ने भी श्रद्धांजलि अर्पित की और आयोजकों का धन्यवाद किया। इस अवसर पर इंद्रजीत अटारी, धर्मपाल तलवंडी, प्रकाश फराला, मलकीत मंढाली, परमजीत मेहसामपुर, परमजीत सिंह दोसांझ, जगतार सिंह चक्रमू, तीरथ कलसी, अवतार लादियां, परविंदर कलसी, प्रेम कलसी के अलावा क्षेत्रवासियों और ग्रामीणों ने भी शहीद उधम सिंह जी को श्रद्धांजलि अर्पित की।

# प्रिंसिपल हरभजन सिंह मेमोरियल ट्रस्ट ने छात्रों को स्कॉलरशिप के चेक वितरित किए गए

"समानता और न्याय"
पटियाला 31 जुलाई
INTERNATIONAL PAPER, 94636 01616
hardipchumber57@gmail.com



होशियारपुर / माहिलपुर ( तरसेम दीवाना )

श्री गुरु गोबिंद सिंह खालसा कॉलेज माहिलपुर के संस्थापक प्रिंसिपल हरभजन सिंह की स्मृति में संचालित प्रिंसिपल हरभजन सिंह मेमोरियल ट्रस्ट ने सत्र 2024-25 के अंतर्गत कॉलेज में विभिन्न पाठ्यक्रमों में अध्ययनरत 20 मेधावी छात्रों को स्कॉलरशिप के चेक वितरित किए। इस अवसर पर ट्रस्ट के निदेशक विंग कमांडर हरदेव सिंह ढिल्लों ने कहा कि प्रिंसिपल हरभजन सिंह मेमोरियल ट्रस्ट देश-विदेश के दानदाताओं के सहयोग से संचालित होता है, जिसमें हर वर्ष कॉलेज के मेधावी छात्रों को स्कॉलरशिप के चेक प्रदान किए जाते हैं। उन्होंने विद्यार्थियों को प्रिंसिपल हरभजन सिंह के व्यक्तित्व से प्रेरणा लेकर कड़ी मेहनत करने और अधिक सीखने के लिए प्रेरित किया। इस अवसर पर कॉलेज के प्रिंसिपल डॉ. परविंदर सिंह ने स्कॉलरशिप विजेताओं की उपलब्धियों की जानकारी साझा की और ट्रस्ट के प्रशासकों का विशेष आभार व्यक्त किया। उन्होंने प्रिंसिपल हरभजन सिंह की जीवनी पर अपने विचार साझा किए और विद्यार्थियों को लगन और मेहनत से पढ़ाई करने के लिए प्रेरित किया। इस अवसर पर उपस्थित महाविद्यालय के शिक्षक एवं गैर शिक्षक स्टाफ ने भी छात्रवृत्ति प्राप्त करने वाले विद्यार्थियों को शुभकामनाएं दी।